ਈ ਡੀ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਦਰਜ

ਚੰਡੀਗੜ੍ਹ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐੱਸ.ਡੀ. ਰਾਜਬੀਰ ਸਿੰਘ ਘੁੰਮਣ ਖ਼ਿਲਾਫ਼ ਮੁੱਖ ਮੰਤਰੀ ਦਫ਼ਤਰ ਨਾਲ ਜੁੜੇ ਵਿਅਕਤੀਆਂ ਵੱਲੋਂ ਭ੍ਰਿਸ਼ਟਾਚਾਰ ਅਤੇ ਗ਼ਬਨ ਦੀ ਵਰਤੋਂ ਕਰਨ ਦੇ ਦੋਸ਼ਾਂ ਦੇ ਸਬੰਧ ਵਿੱਚ ਜਲੰਧਰ 'ਚ ਕੇਸ ਦਰਜ ਕੀਤਾ ਹੈ।

ਇਹ ਘਟਨਾਕ੍ਰਮ ਸੁਪਰੀਮ ਕੋਰਟ ਵੱਲੋਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਦਰਜ ਕੇਸ ਵਿੱਚ ਕੋਈ ਸਖ਼ਤ ਕਾਰਵਾਈ ਨਾ ਕਰਨ ਦੇ ਦਿੱਤੇ ਨਿਰਦੇਸ਼ਾਂ ਤੋਂ ਇੱਕ ਦਿਨ ਬਾਅਦ ਸਾਹਮਣੇ ਆਇਆ ਹੈ, ਜਦਕਿ ਅਦਾਲਤ ਨੇ ਐੱਫ.ਆਈ.ਆਰ. 'ਤੇ ਰੋਕ ਲਗਾਉਣ ਜਾਂ ਜਾਂਚ ਰੋਕਣ ਤੋਂ ਇਨਕਾਰ ਕਰ ਦਿੱਤਾ ਸੀ। ਅਦਾਲਤ ਨੇ ਪੰਜਾਬ ਸਰਕਾਰ ਨੂੰ ਜਾਂਚ ਵਿੱਚ ਸਹਿਯੋਗ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ।

'ਆਪ' ਵੱਲੋਂ ਜਾਰੀ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਈ.ਡੀ. ਵੱਲੋਂ ਘੁੰਮਣ ਖ਼ਿਲਾਫ਼ ਕੇਸ ਦਰਜ ਕਰਨ ਵਿੱਚ ਦਿਖਾਈ ਗਈ ਕਾਹਲੀ ਹੈਰਾਨੀਜਨਕ ਹੈ, ਕਿਉਂਕਿ ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ 21 ਜਨਵਰੀ 2027 ਨੂੰ ਹੋਣ ਵਾਲੀ ਅਗਲੀ ਸੁਣਵਾਈ ਤੱਕ ਕੋਈ ਵੀ ਸਖ਼ਤ ਕਾਰਵਾਈ ਨਾ ਕਰਨ ਲਈ ਕਿਹਾ ਹੈ।

ਇਹ ਮਾਮਲਾ ਈ.ਡੀ. ਵੱਲੋਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ ਗੌਰਵ ਯਾਦਵ ਨੂੰ ਭੇਜੇ ਗਏ ਸੰਚਾਰਾਂ ਤੋਂ ਉਪਜਿਆ ਹੈ, ਜਿਸ ਵਿੱਚ ਸਰਕਾਰੀ ਤਬਾਦਲਿਆਂ ਅਤੇ ਤੈਨਾਤੀਆਂ, ਟੈਂਡਰ ਪ੍ਰਕਿਰਿਆਵਾਂ, ਪ੍ਰਸ਼ਾਸਨਿਕ ਮਨਜ਼ੂਰੀਆਂ, ਗੁਪਤ ਸਰਕਾਰੀ ਦਸਤਾਵੇਜ਼ਾਂ ਤੱਕ ਪਹੁੰਚ ਅਤੇ ਹੋਰ ਅਧਿਕਾਰਤ ਫੈਸਲਿਆਂ ਵਿੱਚ ਕਥਿਤ ਅਨਿਯਮਤਤਾਵਾਂ ਨੂੰ ਉਜਾਗਰ ਕੀਤਾ ਗਿਆ ਸੀ। ਇਹ ਦੋਸ਼ ਸਰਕਾਰੀ ਰਿਆਇਤਾਂ ਦੇਣ ਦੇ ਬਦਲੇ ਵਿੱਤੀ ਜਾਂ ਹੋਰ ਲਾਭਾਂ ਦੇ ਕਥਿਤ ਲੈਣ-ਦੇਣ ਨਾਲ ਸੰਬੰਧਿਤ ਹਨ।

ਈ.ਡੀ. ਦੇ ਸੰਚਾਰਾਂ ਦੇ ਆਧਾਰ 'ਤੇ ਪੰਜਾਬ ਪੁਲੀਸ ਵੱਲੋਂ ਐੱਫ.ਆਈ.ਆਰ. ਦਰਜ ਨਾ ਕੀਤੇ ਜਾਣ ਤੋਂ ਬਾਅਦ ਐਡਵੋਕੇਟ ਨਿਖਿਲ ਸਰਾਫ਼ ਨੇ ਆਜ਼ਾਦ ਜਾਂਚ ਦੀ ਮੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਪਹੁੰਚ ਕੀਤੀ। 5 ਅਕਤੂਬਰ ਨੂੰ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਸੀ.ਬੀ.ਆਈ. ਨੂੰ ਇੱਕ ਫੌਜਦਾਰੀ ਕੇਸ ਦਰਜ ਕਰਨ ਅਤੇ ਦੋਸ਼ਾਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ। ਏਜੰਸੀ ਨੂੰ ਦੋ ਮਹੀਨਿਆਂ ਦੇ ਅੰਦਰ ਰਿਪੋਰਟ ਸੌਂਪਣ ਦਾ ਵੀ ਨਿਰਦੇਸ਼ ਦਿੱਤਾ ਗਿਆ ਸੀ ਅਤੇ ਰਾਜ ਸਰਕਾਰ ਤੇ ਪੰਜਾਬ ਪੁਲੀਸ ਨੂੰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਕਿਹਾ ਗਿਆ ਸੀ।

ਇਸ ਤੋਂ ਬਾਅਦ ਸੀ.ਬੀ.ਆਈ. ਨੇ ਘੁੰਮਣ ਅਤੇ ਪੰਜ ਹੋਰਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਅਤੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੇ ਕੈਂਪ ਦਫ਼ਤਰ ਸਮੇਤ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਹਾਲਾਂਕਿ ਸੀ.ਬੀ.ਆਈ. ਵੱਲੋਂ ਘੁੰਮਣ ਨੂੰ ਤਿੰਨ ਵਾਰ ਸੰਮਨ ਭੇਜਿਆ ਗਿਆ ਸੀ, ਪਰ ਉਹ ਜਾਂਚ ਵਿੱਚ ਸ਼ਾਮਲ ਨਹੀਂ ਹੋਏ ਅਤੇ ਪੰਜਾਬ ਸਰਕਾਰ ਨੇ ਸੀ.ਬੀ.ਆਈ. ਜਾਂਚ ਦੇ ਨਿਰਦੇਸ਼ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ ਦੇ ਹੁਕਮਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ।

ਮਾਨਸਾ ਦੇ ਨਸ਼ਾ ਵਿਰੋਧੀ ਆਗੂ 'ਪਰਵਿੰਦਰ ਸਿੰਘ ਝੋਟਾ' ਦੀ ਗੋਲੀਆਂ ਮਾਰ ਕੇ ਹੱਤਿਆ; ਫੇਸਬੁੱਕ 'ਤੇ ਸੀ ਲਾਈਵ; ਨਸ਼ੇ ਦਾ ਵਿਰੋਧ ਕਰਨ 'ਤੇ ਮੈਡੀਕਲ ਸਟੋਰ ਮਾਲਕ ਵੱਲੋਂ ਕੀਤਾ ਗਿਆ ਹਮਲਾ

ਪਰਵਿੰਦਰ ਕਤਲ ਕੇਸ ਵਿੱਚ ਪਹਿਲੀ ਗ੍ਰਿਫ਼ਤਾਰੀ, ਪ੍ਰਦਰਸ਼ਨਕਾਰੀਆਂ ਵੱਲੋਂ ਮੈਡੀਕਲ ਦੀ ਦੁਕਾਨ ਦੀ ਭੰਨਤੋੜ

ਚੰਡੀਗੜ੍ਹ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮਾਨਸਾ ਵਿੱਚ ਐਂਟੀ ਡਰੱਗ ਟਾਸਕ ਫੋਰਸ ਦੇ ਸੰਚਾਲਕ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਇਹ ਖ਼ੌਫ਼ਨਾਕ ਕਾਂਡ ਇੱਕ ਮੈਡੀਕਲ ਸਟੋਰ ਦੇ ਮਾਲਕ ਵੱਲੋਂ ਅੰਜਾਮ ਦਿੱਤਾ ਗਿਆ ਹੈ। ਮੈਡੀਕਲ ਸਟੋਰ ਮਾਲਕ ਨੇ ਮੰਗਲਵਾਰ ਸਵੇਰੇ ਤਾਬੜਤੋੜ ਗੋਲੀਆਂ ਮਾਰੀਆ ਅਤੇ ਇਹ ਗੋਲੀਆਂ ਇੰਨੇ ਕਰੀਬੋਂ ਮਾਰੀਆਂ ਗਈਆਂ ਕਿ ਉਹ ਝੋਟਾ ਦੇ ਸਰੀਰ ਦੇ ਆਰ-ਪਾਰ ਹੋ ਗਈਆਂ। ਜਾਣਕਾਰੀ ਅਨੁਸਾਰ, ਘਟਨਾ ਦੌਰਾਨ ਪਰਵਿੰਦਰ ਸਿੰਘ ਝੋਟਾ ਦੇ ਫੇਸਬੁੱਕ ਪੇਜ 'ਤੇ 5 ਮਿੰਟ 48 ਸਕਿੰਟ ਦੀ ਲਾਈਵ ਵੀਡੀਓ ਬਣਾਈ ਗਈ ਸੀ, ਜਿਸ ਵਿੱਚ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਦੱਸਿਆ ਜਾ ਰਿਹਾ ਹੈ ਕਿ ਵੀਡੀਓ ਵਿੱਚ ਝੋਟਾ ਅਤੇ ਉਨ੍ਹਾਂ ਦੇ ਸਾਥੀ ਨਸ਼ਿਆਂ ਨਾਲ ਜੁੜੇ ਮੁੱਦੇ 'ਤੇ ਦਵਾਈਆਂ ਦੀ ਦੁਕਾਨ ਦੇ ਮਾਲਕ ਨਾਲ ਬਹਿਸ ਕਰਦੇ ਨਜ਼ਰ ਆ ਰਹੇ ਹਨ। ਇਸੇ ਦੌਰਾਨ ਗੋਲੀਬਾਰੀ ਹੋ ਗਈ।

ਪਰਵਿੰਦਰ ਸਿੰਘ ਝੋਟਾ ਮਾਨਸਾ ਵਿੱਚ ਲੰਬੇ ਸਮੇਂ ਤੋਂ ਨਸ਼ੇ ਦਾ ਵਿਰੋਧ ਕਰ ਰਹੇ ਸਨ। ਉਹ ਨਾ ਕੇਵਲ ਨਸ਼ਾ ਵੇਚਣ ਤੋਂ ਰੋਕਦੇ ਸਨ ਬਲਕਿ ਨਸ਼ਾ ਵੇਚਣ ਵਾਲਿਆਂ ਨੂੰ ਵੀ ਫੜਦੇ ਸਨ। ਇਸ ਨੂੰ ਲੈ ਕੇ ਕਈ ਵਾਰ ਉਨ੍ਹਾਂ ਦਾ ਝਗੜਾ ਵੀ ਹੋ ਚੁੱਕਾ ਸੀ ਅਤੇ ਉਨ੍ਹਾਂ ਦੇ ਕਹਿਣ 'ਤੇ ਕਈ ਪੰਚਾਇਤਾਂ ਨੇ ਨਸ਼ੇ ਦੇ ਖ਼ਿਲਾਫ਼ ਮਤੇ ਤੱਕ ਪਾਸ ਕੀਤੇ ਸਨ। ਪਰਵਿੰਦਰ ਸਿੰਘ ਝੋਟਾ ਨੂੰ ਸੋਸ਼ਲ ਮੀਡੀਆ 'ਤੇ 'ਝੋਟਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਮਾਨਸਾ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਕੁਝ ਮੈਡੀਕਲ ਸਟੋਰਾਂ 'ਤੇ ਪਾਬੰਦੀਸ਼ੁਦਾ ਕੈਪਸੂਲ ਵੇਚਣ ਦੇ ਦੋਸ਼ ਲਗਾਉਂਦਿਆਂ ਮੁਹਿੰਮ ਚਲਾਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਨ੍ਹਾਂ ਦਵਾਈਆਂ ਦੀ ਵਿਕਰੀ ਕਾਰਨ ਨੌਜਵਾਨਾਂ ਦਾ ਨੁਕਸਾਨ ਹੋ ਰਿਹਾ ਹੈ। ਮਾਨਸਾ ਦੇ ਇੱਕ ਦਵਾਈਆਂ ਵੇਚਣ ਵਾਲੇ ਦੁਕਾਨਦਾਰ ਨੂੰ ਜੁੱਤੀਆਂ ਦੀ ਮਾਲਾ ਪਾ ਕੇ ਸ਼ਹਿਰ ਵਿੱਚ ਘੁਮਾਉਂਦੇ ਹੋਏ ਥਾਣੇ ਬੰਦ ਕਰਵਾਇਆ ਸੀ ਅਤੇ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਗੋਲੀਆਂ ਉਸੇ ਦੁਕਾਨਦਾਰ ਵੱਲੋਂ ਚਲਾਈਆਂ ਗਈਆਂ ਹਨ।

ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਜਿੱਥੇ ਉਸ ਦੇ ਸਮਰਥਕਾਂ ਵੱਲੋਂ ਮਾਨਸਾ ਦੇ 12 ਹੱਟਾਂ ਚੌਕ ਵਿਖੇ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਮਾਨਸਾ ਸ਼ਹਿਰ ਦੇ ਬਾਜ਼ਾਰ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੇ ਗਏ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਪਰਵਿੰਦਰ ਸਿੰਘ ਝੋਟਾ ਤੋਂ ਇਲਾਵਾ ਉਸ ਨਾਲ ਚਾਰ ਹੋਰ ਵਿਅਕਤੀ ਵੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚ ਬਲਜੀਤ ਸਿੰਘ (65), ਕੁਲਵਿੰਦਰ ਸਿੰਘ (42), ਹੈਪੀ ਸਿੰਘ (24) ਅਤੇ ਗੋਬਿੰਦ ਸਿੰਘ (30) ਸ਼ਾਮਲ ਹਨ। ਇਨ੍ਹਾਂ ਵਿੱਚੋਂ ਦੋ ਵਿਅਕਤੀਆਂ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ 'ਤੇ ਬਠਿੰਡਾ ਵਿਖੇ ਰੈਫ਼ਰ ਕਰ ਦਿੱਤਾ ਗਿਆ ਹੈ।

ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਮਾਮਲੇ ਵਿੱਚ ਪੁਲੀਸ ਨੇ ਪਹਿਲੀ ਗ੍ਰਿਫ਼ਤਾਰੀ ਕੀਤੀ ਹੈ। ਡੀ.ਆਈ.ਜੀ. ਬਠਿੰਡਾ ਰੇਂਜ ਹਰਜੀਤ ਸਿੰਘ ਨੇ ਦੱਸਿਆ ਕਿ ਇਹ ਕਤਲ ਪੁਰਾਣੀ ਨਿੱਜੀ ਦੁਸ਼ਮਣੀ ਦਾ ਨਤੀਜਾ ਸੀ। ਡੀ.ਆਈ.ਜੀ. ਨੇ ਦੱਸਿਆ, ÷ਪੁਲੀਸ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਨੇ ਕਤਲ ਤੋਂ ਬਾਅਦ ਮੁੱਖ ਮੁਲਜ਼ਮ ਅਸ਼ਵਨੀ ਨੂੰ ਫਰਾਰ ਹੋਣ ਵਿੱਚ ਮਦਦ ਕੀਤੀ ਸੀ।÷ ਡੀ.ਆਈ.ਜੀ. ਨੇ ਦੱਸਿਆ ਕਿ ਪੁਲੀਸ ਨੂੰ ਮੰਗਲਵਾਰ ਸਵੇਰੇ 10.30 ਵਜੇ ਦੇ ਕਰੀਬ ਘਟਨਾ ਦੀ ਸੂਚਨਾ ਮਿਲੀ ਸੀ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਾਇਮਰੀ ਤੌਰ 'ਤੇ ਅਜਿਹਾ ਲੱਗਦਾ ਹੈ ਕਿ ਕਤਲ ਵਿੱਚ ਲਾਇਸੰਸੀ ਹਥਿਆਰ ਦੀ ਵਰਤੋਂ ਕੀਤੀ ਗਈ ਸੀ।

ਡੀ.ਆਈ.ਜੀ. ਅਨੁਸਾਰ, ਗੋਲੀਬਾਰੀ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ, ਜਿਸ ਤੋਂ ਬਾਅਦ ਪੁਲੀਸ ਨੇ ਉਨ੍ਹਾਂ ਦੀ ਭਾਲ ਲਈ ਕਈ ਟੀਮਾਂ ਦਾ ਗਠਨ ਕੀਤਾ। ਤਫ਼ਤੀਸ਼ ਦੇ ਹਿੱਸੇ ਵਜੋਂ ਮੁਲਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਮ੍ਰਿਤਕ ਅਤੇ ਮੁਲਜ਼ਮਾਂ ਵਿਚਕਾਰ ਪੁਰਾਣੀ ਰੰਜਿਸ਼ ਸੀ। ਉਨ੍ਹਾਂ ਦੱਸਿਆ ਕਿ 2023 ਦੀ ਇੱਕ ਘਟਨਾ ਦੌਰਾਨ ਵੀ ਉਨ੍ਹਾਂ ਵਿਚਕਾਰ ਨਿੱਜੀ ਦੁਸ਼ਮਣੀ ਸਾਹਮਣੇ ਆਈ ਸੀ। ਹਾਲਾਂਕਿ ਪੁਲੀਸ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਹੈ।

ਦੁਪਹਿਰ ਕਰੀਬ 3.30 ਵਜੇ ਮਾਨਸਾ ਵਿੱਚ ਕੁਝ ਨਿਹੰਗ ਸਿੰਘਾਂ ਸਮੇਤ ਪ੍ਰਦਰਸ਼ਨਕਾਰੀਆਂ ਨੇ ਹੰਗਾਮੇ ਦੌਰਾਨ ਅਤੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਨਾਲ ਕਥਿਤ ਤੌਰ 'ਤੇ ਜੁੜੀ ਮੈਡੀਕਲ ਦੀ ਦੁਕਾਨ (ਕੈਮਿਸਟ ਸ਼ੌਪ) ਦੀ ਭੰਨਤੋੜ ਕੀਤੀ।

ਇਹ ਘਟਨਾ ਵੱਡੀ ਗਿਣਤੀ ਵਿੱਚ ਪੁਲੀਸ ਕਰਮਚਾਰੀਆਂ ਦੀ ਮੌਜੂਦਗੀ ਵਿੱਚ ਵਾਪਰੀ। ਪ੍ਰਦਰਸ਼ਨਕਾਰੀਆਂ ਨੇ ਮੌਕੇ 'ਤੇ ਤਾਇਨਾਤ ਇੱਕ ਫਾਇਰ ਟੈਂਡਰ ਨੂੰ ਵੀ ਨੁਕਸਾਨ ਪਹੁੰਚਾਇਆ। ਬਾਅਦ ਵਿੱਚ ਪੁਲੀਸ ਨੇ ਸਥਿਤੀ ਨੂੰ ਕਾਬੂ ਹੇਠ ਲਿਆਂਦਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਮਾਨਸਾ ਵਿੱਚ ਐਂਟੀ ਡਰੱਗ ਟਾਸਕ ਫੋਰਸ ਦੇ ਸੰਚਾਲਕ ਪਰਵਿੰਦਰ ਸਿੰਘ ਝੋਟਾ ਦੀ ਅੱਜ ਸਵੇਰ ਹੱਤਿਆ ਕਰ ਦਿੱਤੀ ਗਈ । ਜਾਣਕਾਰੀ ਅਨੁਸਾਰ ਇਹ ਖ਼ੌਫ਼ਨਾਕ ਕਾਂਡ ਇੱਕ ਮੈਡੀਕਲ ਸਟੋਰ ਦੇ ਮਾਲਕ ਵੱਲੋਂ ਅੰਜਾਮ ਦਿੱਤਾ ਗਿਆ ਹੈ। ਮੈਡੀਕਲ ਸਟੋਰ ਮਾਲਕ ਨੇ ਮੰਗਲਵਾਰ ਸਵੇਰੇ ਤਾਬੜਤੋੜ ਗੋਲੀਆਂ ਮਾਰੀਆ ਅਤੇ ਇਹ ਗੋਲੀਆਂ ਇੰਨੇ ਕਰੀਬੋਂ ਮਾਰੀਆਂ ਗਈਆਂ ਕਿ ਉਹ ਝੋਟਾ ਦੇ ਸਰੀਰ ਦੇ ਆਰ-ਪਾਰ ਹੋ ਗਈਆਂ।

ਜਾਣਕਾਰੀ ਅਨੁਸਾਰ, ਘਟਨਾ ਦੌਰਾਨ ਪਰਵਿੰਦਰ ਸਿੰਘ ਝੋਟਾ ਦੇ ਫੇਸਬੁੱਕ ਪੇਜ 'ਤੇ 5 ਮਿੰਟ 48 ਸਕਿੰਟ ਦੀ ਲਾਈਵ ਵੀਡੀਓ ਬਣਾਈ ਗਈ ਸੀ, ਜਿਸ ਵਿੱਚ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਦੱਸਿਆ ਜਾ ਰਿਹਾ ਹੈ ਕਿ ਵੀਡੀਓ ਵਿੱਚ ਝੋਟਾ ਅਤੇ ਉਨ੍ਹਾਂ ਦੇ ਸਾਥੀ ਨਸ਼ਿਆਂ ਨਾਲ ਜੁੜੇ ਮੁੱਦੇ 'ਤੇ ਦਵਾਈਆਂ ਦੀ ਦੁਕਾਨ ਦੇ ਮਾਲਕ ਨਾਲ ਬਹਿਸ ਕਰਦੇ ਨਜ਼ਰ ਆ ਰਹੇ ਹਨ। ਇਸੇ ਦੌਰਾਨ ਗੋਲੀਬਾਰੀ ਹੋ ਗਈ।

ਢੀਂਡਸਾ ਪਰਿਵਾਰ ਨੂੰ ਝਟਕਾ; ਸਾਬਕਾ ਸਰਪੰਚ ਸੱਤਪਾਲ ਸਿੰਘ ਕਰੀਬ 100 ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ

ਲਹਿਰਾਗਾਗਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਲਹਿਰਾ ਦੇ ਪਿੰਡ ਸਲੇਮਗੜ੍ਹ ਵਿੱਚ ਢੀਂਡਸਾ ਪਰਿਵਾਰ ਨੂੰ ਉਸ ਸਮੇਂ ਸਿਆਸੀ ਝਟਕਾ ਲੱਗਾ, ਜਦੋਂ ਪਿੰਡ ਦੇ ਸਾਬਕਾ ਸਰਪੰਚ ਸੱਤਪਾਲ ਸਿੰਘ ਨੇ ਕਰੀਬ 100 ਪਰਿਵਾਰਾਂ ਸਮੇਤ ਢੀਂਡਸਾ ਪਰਿਵਾਰ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪਾਰਟੀ ਵਿੱਚ ਸ਼ਾਮਲ ਹੋਏ ਸੱਤਪਾਲ ਸਿੰਘ ਅਤੇ ਹੋਰਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਸੱਤਪਾਲ ਸਿੰਘ ਦੇ ਨਾਲ ਰਾਮਫਲ ਸਿੰਘ, ਮੇਲਾ ਸਿੰਘ, ਜੇਠੂ ਸਿੰਘ, ਗੋਬਿੰਦ ਸਿੰਘ, ਗੁਲਾਬ ਸਿੰਘ ਅਤੇ ਬਲਕਾਰ ਸਿੰਘ ਸਮੇਤ ਕਰੀਬ 100 ਪਰਿਵਾਰਾਂ ਨੇ ਆਮ ਆਦਮੀ ਪਾਰਟੀ ਨਾਲ ਜੁੜਨ ਦਾ ਫ਼ੈਸਲਾ ਕੀਤਾ। ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਿੰਡ ਸਲੇਮਗੜ੍ਹ ਦੇ ਇਨ੍ਹਾਂ ਪਰਿਵਾਰਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਹਲਕੇ ਵਿੱਚ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਹਰ ਵਰਕਰ ਅਤੇ ਸਾਥੀ ਦਾ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸ਼ਾਮਲ ਹੋਏ ਸਾਥੀਆਂ ਨੂੰ ਪਾਰਟੀ ਦੀਆਂ ਗਤੀਵਿਧੀਆਂ ਅਤੇ ਲੋਕ ਸੇਵਾ ਦੇ ਕਾਰਜਾਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਸਾਰਿਆਂ ਨੂੰ ਇਕਜੁੱਟ ਹੋ ਕੇ ਪਿੰਡ ਅਤੇ ਹਲਕੇ ਦੀ ਬਿਹਤਰੀ ਲਈ ਕੰਮ ਕਰਨ ਦਾ ਸੱਦਾ ਦਿੱਤਾ।

ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਹਲਕਾ ਲਹਿਰਾ ਦੇ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜ ਕਰਵਾਉਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਉਨ੍ਹਾਂ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਲੋਕਾਂ ਦੀ ਭਾਗੀਦਾਰੀ ਅਹਿਮ ਹੈ ਅਤੇ ਸਥਾਨਕ ਵਾਸੀਆਂ ਦੇ ਸੁਝਾਵਾਂ ਨਾਲ ਲੋਕ ਭਲਾਈ ਦੇ ਕਾਰਜਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਜਾ ਸਕਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਸਾਬਕਾ ਸਰਪੰਚ ਸੱਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਤਜਰਬਾ ਪਿੰਡ ਦੀਆਂ ਲੋੜਾਂ ਨੂੰ ਸਮਝਣ ਅਤੇ ਲੋਕਾਂ ਨਾਲ ਰਾਬਤਾ ਹੋਰ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਪਿੰਡ ਸਲੇਮਗੜ੍ਹ ਦੇ ਵਾਸੀਆਂ ਵੱਲੋਂ ਉਠਾਏ ਜਾਣ ਵਾਲੇ

ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 2026 ਦੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਦਾ ਐਲਾਨ

ਵੱਖ-ਵੱਖ ਵੰਨਗੀਆਂ ਦੀਆਂ 10 ਸਰਵੋਤਮ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣਗੇ ਪੁਰਸਕਾਰ

ਪਟਿਆਲਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ, ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾ ਦੀਆਂ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਰਵੋਤਮ ਪੁਸਤਕ ਪੁਰਸਕਾਰਾਂ ਤਹਿਤ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ (2026) ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ, ਨੇ ਦੱਸਿਆ ਕਿ ਇਹ ਪੁਰਸਕਾਰ ਨਵੰਬਰ 2026 ਦੇ ਪਹਿਲੇ ਹਫ਼ਤੇ ਪੰਜਾਬੀ ਮਾਹ ਦੇ ਰਾਜ ਪੱਧਰੀ ਉਦਘਾਟਨੀ ਸਮਾਗਮ ਦੌਰਾਨ ਭਾਸ਼ਾ ਭਵਨ, ਪਟਿਆਲਾ ਵਿਖੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਲਈ ਪਿਛਲੇ ਸਾਲ (2025) ਦੌਰਾਨ ਛਪੀਆਂ ਪੁਸਤਕਾਂ ਦੀ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਲਈ ਮੰਗ ਕੀਤੀ ਗਈ ਸੀ ਅਤੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਵਿਸ਼ਾ ਮਾਹਿਰਾਂ ਤੋਂ ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਕਰਵਾਇਆ

ਗਿਆ ਅਤੇ ਸਰਵੋਤਮ ਪੁਸਤਕਾਂ ਦੀ ਚੋਣ ਕੀਤੀ ਗਈ। ਇਸ ਪੁਰਸਕਾਰ 'ਚ ਇਨਾਮੀ ਰਾਸ਼ੀ 31,000/- ਦੇ ਨਾਲ-ਨਾਲ ਇਕ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਇਹ ਪੁਰਸਕਾਰ ਸਾਲ 2025 'ਚ ਛਪੀਆਂ ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 10 ਸਰਵੋਤਮ ਪੰਜਾਬੀ ਪੁਸਤਕਾਂ ਨੂੰ ਦਿੱਤੇ ਜਾਣਗੇ। ਇਨ੍ਹਾਂ ਪੁਰਸਕਾਰਾਂ ਲਈ ਵੱਖ-ਵੱਖ ਵਿਧਾਵਾਂ ਦੀਆਂ 282 ਕਿਤਾਬਾਂ ਪ੍ਰਾਪਤ ਹੋਈਆਂ ਸਨ। ਐਲਾਨੇ ਗਏ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਤਹਿਤ ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ਸਵੈ-ਜੀਵਨੀ/ਯਾਦਾਂ/ਰੇਖਾ ਚਿੱਤਰ) ਡਾ. ਰਣਜੀਤ ਸਿੰਘ ਦੀ ਪੁਸਤਕ 'ਕੋਈ ਨਾਉ ਨਾ ਜਾਣੈ ਮੇਰਾ (ਆਪ ਬੀਤੀਆਂ)' ਨੂੰ, ਨਾਨਕ ਸਿੰਘ ਪੁਰਸਕਾਰ (ਨਾਵਲ) ਜਸਪਾਲ ਮਾਨਖੇੜਾ ਦੀ ਪੁਸਤਕ 'ਹਵੇਲੀਆਲਾ' ਨੂੰ, ਪ੍ਰਿ. ਸੁਜਾਨ ਸਿੰਘ ਪੁਰਸਕਾਰ (ਕਹਾਣੀ/ਮਿੰਨੀ ਕਹਾਣੀ ਸੰਗ੍ਰਹਿ) ਭੁਪਿੰਦਰ ਸਿੰਘ ਮਾਨ ਦੀ ਪੁਸਤਕ 'ਲਾਲ ਰੱਤਾ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ/ਵਿਅੰਗ) ਅਜੈ ਤਨਵੀਰ ਦੀ ਪੁਸਤਕ 'ਜਾਦੂਨਗਰੀ ਦੇ ਜਾਦੂਗਰ' ਨੂੰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਡਾ. ਨਵਦੀਪ ਕੌਰ ਦੀ ਪੁਸਤਕ 'ਅਹਿਲਿਆ' ਨੂੰ, ਈਸ਼ਵਰ ਚੰਦਰ ਨੰਦਾ ਪੁਰਸਕਾਰ (ਨਾਟਕ/ਇਕਾਂਗੀ) ਕੁਲਬੀਰ ਮਲਿਕ ਦੀ ਪੁਸਤਕ 'ਡਾਕ ਨਿੱਤ ਆਵੇਗੀ...' ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਜੰਗ ਬਹਾਦੁਰ ਗੋਇਲ ਦੀ ਪੁਸਤਕ 'ਜੰਗਲ ਤੋਂ ਪਾਰ (ਸੀਤਾ ਰਤਨਾਮਲ)' ਨੂੰ, ਐੱਮ.ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ/ਸੰਪਾਦਨ) ਪ੍ਰਿੰ. ਲਵਲੀ ਸ. ਪੰਨੂ ਦੀ ਪੁਸਤਕ 'ਪੁਆਧੀ ਲੋਕ-ਕਾਵਿ (ਟੱਪੇ ਅਤੇ ਜੱਕੜੀਆਂ)' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ) ਹਰੀ ਕ੍ਰਿਸ਼ਨ ਮਾਇਰ ਦੀ ਪੁਸਤਕ 'ਪਲਾਸਟਿਕ ਦਾ ਡੱਡੂ' ਨੂੰ ਅਤੇ ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ/ਖੋਜ) ਡਾ. ਧਰਮ ਸਿੰਘ ਦੀ ਪੁਸਤਕ 'ਪ੍ਰਗਟ ਭਏ ਗੁਰ ਤੇਗ ਬਹਾਦਰ' ਨੂੰ ਪ੍ਰਦਾਨ ਕੀਤੇ ਜਾਣਗੇ।

ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਸਾਲ ਦਿੱਤੇ ਜਾਣ ਵਾਲੇ ਵੱਖ-ਵੱਖ ਭਾਸ਼ਾਵਾਂ ਦੇ ਸਰਵੋਤਮ ਪੁਸਤਕ ਪੁਰਸਕਾਰ ਪੰਜਾਬੀ ਮਾਹ ਦੇ ਸਮਾਗਮਾਂ ਦੌਰਾਨ ਪ੍ਰਦਾਨ ਕਰ ਦਿੱਤੇ ਜਾਣਗੇ। ਬਾਕੀ ਰਹਿੰਦੇ ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਪੁਰਸਕਾਰਾਂ ਦਾ ਐਲਾਨ ਜਲਦ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਸਾਰੇ ਪੁਰਸਕਾਰ ਜੇਤੂਆਂ ਨੂੰ ਵਧਾਈਆਂ ਦਿੱਤੀਆਂ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਇਸੇ ਤਰ੍ਹਾਂ ਨਿਰੰਤਰ ਯਤਨਸ਼ੀਲ ਰਹਿਣ ਦੀ ਅਪੀਲ ਕੀਤੀ।

ਖੇਤੀਬਾੜੀ ਵਿਭਾਗ ਨਾਭਾ ਵੱਲੋਂ ਸਰਕਾਰੀ ਹਾਈ ਸਕੂਲ, ਪਿੰਡ ਥੂਹੀ ਵਿਖੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ

ਨਾਭਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਬਲਾਕ ਖੇਤੀਬਾੜੀ ਅਫਸਰ ਨਾਭਾ ਜੀ ਦੀ ਅਗਵਾਈ ਹੇਠ ਵਾਤਾਵਰਨ ਦੀ ਸ਼ੁੱਧਤਾ ਅਤੇ ਝੋਨੇ ਦੀ ਪਰਾਲੀ ਦੇ ਯੋਗ ਨਬੇੜੇ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਰਕਾਰੀ ਹਾਈ ਸਕੂਲ, ਪਿੰਡ ਥੂਹੀ ਵਿਖੇ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਮਨੋਰਥ ਵਿਦਿਆਰਥੀਆਂ ਅਤੇ ਸਥਾਨਕ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਇਸ ਦੇ ਵਾਤਾਵਰਨ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਸੀ।ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੂੰ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਅਤੇ ਅੱਗ ਲਾਉਣ ਦੇ ਮਾੜੇ ਪ੍ਰਭਾਵਾਂ ਦੇ ਵਿਸ਼ੇ 'ਤੇ ਭਾਸ਼ਣ,ਕਵਿਤਾ, ਸਲੋਗਨ ਅਤੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ ਨੇ ਆਪਣੇ ਭਾਸ਼ਣਾਂ ਅਤੇ ਪੋਸਟਰਾਂ ਰਾਹੀਂ ਵਾਤਾਵਰਨ ਸੰਭਾਲ ਦਾ ਸੁਨੇਹਾ ਦਿੱਤਾ ਅਤੇ ਇਨਾ ਮੁਕਾਬਲਿਆਂ ਵਿਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਘਰਾਂ ਅਤੇ ਆਸ-ਪਾਸ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ। ਕੈਂਪ ਦੌਰਾਨ ਡਾ. ਜੁਪਿੰਦਰ ਸਿੰਘ ਗਿੱਲ, ਬਲਾਕ ਖੇਤੀਬਾੜੀ ਅਫਸਰ ਨਾਭਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਜਿਸ ਨਾਲ ਸਾਹ ਦੀਆਂ ਬੀਮਾਰੀਆਂ ਵਧਦੀਆਂ ਹਨ। ਇਸ ਤੋਂ ਇਲਾਵਾ ਜ਼ਮੀਨ ਦੇ ਮਿੱਤਰ ਕੀੜੇ ਅਤੇ ਉਪਜਾਊ ਸ਼ਕਤੀ ਵਾਲੇ ਤੱਤ ਨਸ਼ਟ ਹੋ ਜਾਂਦੇ ਹਨ। ਵਿਭਾਗ ਦੇ ਮਾਹਿਰਾਂ ਨੇ ਕਿਸਾਨਾਂ ਨੂੰ ਪਰਾਲੀ ਦੇ ਪ੍ਰਬੰਧਨ ਲਈ ਆਧੁਨਿਕ ਮਸ਼ੀਨਰੀ (ਜਿਵੇਂ ਕਿ ਹੈਪੀ ਸੀਡਰ, ਸੁਪਰ ਸੀਡਰ ਅਤੇ ਸਮਾਰਟ ਸੀਡਰ) ਵਰਤਣ ਦੀ ਸਲਾਹ ਦਿੱਤੀ। ਇਸ ਸਮੇਂ ਕੈਂਪ ਦੇ ਅੰਤ ਵਿੱਚ ਸਕੂਲ ਸਟਾਫ਼ ਵੱਲੋਂ ਖੇਤੀਬਾੜੀ ਵਿਭਾਗ ਦੀ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਭਰੋਸਾ ਦਿਵਾਇਆ ਗਿਆ ਕਿ ਸਕੂਲ ਪਰਾਲੀ ਪ੍ਰਦੂਸ਼ਣ ਵਿਰੁੱਧ ਚਲਾਈ ਜਾ ਰਹੀ ਇਸ ਮੁਹਿੰਮ ਵਿੱਚ ਪੂਰਾ ਯੋਗਦਾਨ ਪਾਵੇਗਾ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ, ਸਕੂਲ ਦਾ ਸਟਾਫ਼, ਵਿਦਿਆਰਥੀ ਅਤੇ ਪਿੰਡ ਦੇ ਪਤਵੰਤੇ ਕਿਸਾਨ ਹਾਜ਼ਰ ਸਨ।

70ਵੇਂ ਜ਼ਿਲ੍ਹਾ ਸਕੂਲ ਟੂਰਨਾਮੈਂਟ 'ਚ ਅਥਲੈਟਿਕਸ ਦੇ ਮੁਕਾਬਲੇ ਕਰਵਾਏ ਗਏ

ਪਟਿਆਲਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦੀ ਯੋਗ ਅਗਵਾਈ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅਥਲੈਟਿਕਸ ਦੇ ਵੱਖ ਵੱਖ ਇਵੈਂਟਸ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਗਏ।ਅੰਡਰ-14 ਲੜਕਿਆਂ ਦੇ 600 ਮੀਟਰ ਦੇ ਵਿੱਚ ਪਿਯੂਸ਼ ਮਿਸ਼ਰਾ ਨੇ ਪਹਿਲਾ,ਬਾਨੂ ਰਾਣਾ ਨੇ ਦੂਜਾ,ਵਿਸ਼ਨੂ ਆਨੰਦ ਨੇ ਤੀਜਾ, ਅੰਡਰ-14 ਲੜਕੀਆਂ ਦੇ 600 ਮੀਟਰ ਦੇ ਵਿੱਚ ਕਾਰਜਨੀਤ ਕੌਰ ਨੇ ਪਹਿਲਾ,ਅੰਸ਼ੁਲ ਨੇ ਦੂਜਾ, ਅੰਗਦਜੋਤ ਨੇ ਤੀਜਾ,ਅੰਡਰ-14 100 ਮੀਟਰ ਲੜਕਿਆਂ ਦੇ ਵਿੱਚ ਬਭ ਸਾਗਰ ਨੇ ਪਹਿਲਾ, ਅਮਰਪਾਲ ਸਿੰਘ ਨੇ ਦੂਜਾ, ਹਰਸ਼ ਬਾਬ ਨੇ ਤੀਜਾ,ਅੰਡਰ-17 ਲੜਕਿਆਂ ਦੇ 100 ਮੀਟਰ ਦੇ ਵਿੱਚ ਸ਼ਾਨ ਨੇ ਪਹਿਲਾ, ਏਕਮਜੋਤ ਸਿੰਘ ਨੇ ਦੂਜਾ ਅਤੇ ਸੰਜੇ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਤੇ ਅਮਨਿੰਦਰ ਸਿੰਘ ਬਾਬਾ,ਬਲਵਿੰਦਰ ਸਿੰਘ ਜੱਸਲ,ਗੁਰਪ੍ਰੀਤ ਸਿੰਘ ਟਿਵਾਣਾ, ਰਾਜਿੰਦਰ ਸਿੰਘ,ਜਰਨੈਲ ਸਿੰਘ, ਸੁਰਿੰਦਰਪਾਲ ਸਿੰਘ ਐਸਪੀ, ਹਰੀਸ਼ ਸਿੰਘ ਰਾਵਤ, ਅਮਨਦੀਪ ਕੌਰ, ਇੰਦਰਵੀਰਪਾਲ ਕੌਰ,ਰੁਪਿੰਦਰ ਕੌਰ,ਗੁਰਪ੍ਰੀਤ ਸਿੰਘ ਬਾਜਵਾ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

ਦਿਸ਼ਟੀਹੀਣ ਵਿਅਕਤੀਆਂ ਨੂੰ ਸਸ਼ਕਤ ਬਣਾਉਣ ਲਈ 'ਨੇਤ੍ਰ' (NETRA) ਡਿਜੀਟਲ ਲਾਇਬ੍ਰੇਰੀ

ਚੰਡੀਗੜ੍ਹ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਪ੍ਰਸ਼ਾਸਨ ਦੇ ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਤਹਿਤ ਕਾਰਜਰਤ 'ਚੰਡੀਗੜ੍ਹ ਚਾਇਲਡ ਐਂਡ ਵੂਮੈਨ ਡਿਵੈਲਪਮੈਂਟ ਕਾਰਪੋਰੇਸ਼ਨ' (ਸੀਸੀਡਬਲਿਊਡੀਸੀ), ਸੈਕਟਰ 38-ਬੀ, ਚੰਡੀਗੜ੍ਹ ਸਥਿਤ 'ਵਿਸ਼ੇਸ਼ ਬੱਚਿਆਂ ਦੇ ਪੁਨਰਵਾਸ ਕੇਂਦਰ-ਪ੍ਰਯਾਸ' ਵਿਖੇ ਦਿਸ਼ਟੀਹੀਣ ਵਿਅਕਤੀਆਂ ਲਈ 'ਨਰਚਰਿਗ ਇੰਪਾਵਰਮੈਂਟ ਥਰੂ ਰੀਡਿੰਗ ਐਕਸੈਸ' (ਐੱਨਈਟੀਆਰਏ-ਨੇਤ੍ਰ) ਨਾਮਕ ਇੱਕ ਡਿਜੀਟਲ ਲਾਇਬ੍ਰੇਰੀ ਦਾ ਸੰਚਾਲਨ ਕਰ ਰਹੀ ਹੈ।

ਇੱਥੇ ਦਿਸ਼ਟੀਹੀਣ ਲੋਕ ਅਤਿਆਧੁਨਿਕ ਸੁਵਿਧਾਵਾਂ ਦਾ ਮੁਫ਼ਤ ਵਿੱਚ ਇਸਤੇਮਾਲ ਕਰ ਸਕਦੇ ਹੈ। ਇਸਤੇਮਾਲ ਲਈ ਕਈ ਖਾਸ ਉਪਕਰਣ ਉਪਲਬਧ ਹਨ, ਜਿਵੇਂ 'ਲੈਕਸ ਇੰਸਟੈਂਟ ਰੀਡਰ ਐਂਡ ਸਕੈਨਰ (ਇੰਗਲਿਸ਼)', ਕਿਤਾਬਾਂ ਆਦਿ ਪੜ੍ਹਨ ਲਈ 'ਆਟੋ-ਕੈਪਚਰ', 3.5-ਇੰਚ ਦਾ ਹੈਂਡ-ਹੈਲਡ ਵੀਡੀਓ ਮੈਗਨੀਫਾਇਰ; 'ਔਰਬਿਟ ਰੀਡਰ'(ਡਿਜੀਟਲ ਟੈਕਸਟ ਨੂੰ ਛੂਹ ਕੇ ਮਹਿਸੂਸ ਕੀਤੀ ਜਾ ਸਕਣ ਵਾਲੇ ਬ੍ਰੇਲ ਕੈਰੈਕਟਰ (ਅੱਖਰਾਂ) ਵਿੱਚ ਬਦਲ ਕੇ ਪੜ੍ਹਨ ਅਤੇ ਲਿਖਣ ਲਈ ਇੱਕ ਇਨ-ਬਿਲਟ ਕੀਬੋਰਡ ਦੀ ਸੁਵਿਧਾ); 'ਬ੍ਰੇਲਰ' (ਛੇ ਡੌਟਸ ਐਂਟਰੀ ਵਾਲਾ ਓਵਰ-ਦ-ਏਅਰ ਪਾਰਕਿਨਸ ਕੀਬੋਰਡ, ਜਿਸ ਵਿੱਚ ਲਾਇਨ ਖ਼ਤਮ ਹੋਣ ਤੋਂ ਪਹਿਲਾਂ ਘੰਟੀ ਦੀ ਆਵਾਜ਼ ਆਉਂਦੀ ਹੈ); 'ਸੁਪਰਨੋਵਾ ਸਾਫਟਵੇਅਰ', ਇੱਕ ਅਸਿਸਟਿਵ ਟੈਕਨੋਲੋਜੀ ਸੌਫਟਵੇਅਰ, ਜੋ ਦਿਸ਼ਟੀਹੀਣ ਜਾਂ ਘੱਟ ਨਜ਼ਰ ਵਾਲੇ ਵਿਅਕਤੀਆਂ ਨੂੰ ਔਚਡੀ- ਕੁਆਲਿਟੀ ਸਕ੍ਰੀਨ ਮੈਗਨੀਫਿਕੇਸ਼ਨ ਅਤੇ ਕਸਟਮਾਇਜਬਲ ਸਪੀਚ/ਟੈਕਸਟ-ਟੂ-ਸਪੀਚ ਆਉਟਪੁੱਟ ਦੀ ਸੁਵਿਧਾ ਦੇ ਕੇ ਵਿੰਡੋਜ਼ ਕੰਪਿਊਟਰ ਦਾ ਸੁਤੰਤਰ ਤੌਰ 'ਤੇ ਇਸਤੇਮਾਲ ਕਰਨ ਵਿੱਚ ਮਦਦ ਕਰਦਾ ਹੈ); ਅਤੇ 'ਟਾਕਿੰਗ ਕੈਲਕੁਲੇਟਰ' (ਇਹ ਹਰ ਨੰਬਰ, ਸਿੰਗਲ ਜਾਂ ਅਪ੍ਰੇਸ਼ਨ ਕੀ ਨੂੰ ਦਬਾਉਣ 'ਤੇ ਬੋਲ ਕੇ ਦੱਸਦਾ ਹੈ ਅਤੇ ਅੰਤ ਵਿੱਚ ਕੈਲਕੁਲੇਟ ਕੀਤੇ ਗਏ ਨਤੀਜੇ ਵੀ ਬੋਲ ਕੇ ਸੁਣਾਉਂਦਾ ਹੈ)।

ਇਹ ਉਪਕਰਣ ਦਿਸ਼ਟੀਹੀਣ ਲੋਕਾਂ ਲਈ ਪ੍ਰਿੰਟਿਡ ਮੈਟੀਰੀਅਲ ਅਤੇ ਡਿਜੀਟਲ ਲਾਇਬ੍ਰੇਰੀ ਤੱਕ ਤੁਰੰਤ ਅਤੇ ਸੁਤੰਤਰ ਤੌਰ 'ਤੇ ਪਹੁੰਚਣ ਵਿੱਚ ਮਦਦ ਕਰਦੇ ਹਨ। ਇਹ ਚੰਡੀਗੜ੍ਹ ਵਿੱਚ ਦਿਸ਼ਟੀਹੀਣ ਲੋਕਾਂ ਲਈ ਇਹ ਪਹਿਲੀ ਅਤੇ ਇਕਲੌਤੀ ਡਿਜੀਟਲ ਲਾਇਬ੍ਰੇਰੀ ਹੈ।ਦਿਸ਼ਟੀਹੀਣ ਲੋਕ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਡਿਜੀਟਲ ਲਾਇਬ੍ਰੇਰੀ ਵਿੱਚ ਜਾ ਕੇ ਇਨ੍ਹਾਂ ਖਾਸ ਉਪਕਰਣਾਂ ਦਾ ਲਾਭ ਉਠਾ ਸਕਦੇ ਹਨ। ਉਪਲਬਧ ਸੁਵਿਧਾਵਾਂ ਦਾ ਲਾਭ ਉਠਾਉਣ ਨਾਲ ਦਿਸ਼ਟੀਹੀਣ ਲੋਕਾਂ ਦੇ ਸਿੱਖਣ ਦੇ ਅਨੁਭਵ ਵਿੱਚ ਕਾਫੀ ਸੁਧਾਰ ਹੋਵੇਗਾ ਅਤੇ ਉਨ੍ਹਾਂ ਨੂੰ ਦੇਸ਼ ਦੀ ਪ੍ਰਗਤੀ ਵਿੱਚ ਯੋਗਦਾਨ ਦੇਣ ਵਿੱਚ ਮਦਦ ਮਿਲੇਗੀ।

ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰਨ ਦੇ ਨਿਰਦੇਸ਼

ਪਟਿਆਲਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਚੋਣ ਕਮਿਸ਼ਨ ਵੱਲੋਂ ਡਵੀਜ਼ਨਲ ਕਮਿਸ਼ਨਰ ਪਟਿਆਲਾ ਸ੍ਰੀ ਵਿਨੈ ਬੁਬਲਾਨੀ ਦੀ ਛੁੱਟੀ ਦੌਰਾਨ ਪਟਿਆਲਾ ਜ਼ਿਲ੍ਹੇ ਲਈ ਇਲੈਕਟੋਰਲ ਰੋਲ ਆਬਜ਼ਰਵਰ ਨਿਯੁਕਤ ਕੀਤੇ ਗਏ ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ ਦੇ ਪ੍ਰਮੁੱਖ ਸਕੱਤਰ ਸ੍ਰੀ ਸੁਮੇਰ ਸਿੰਘ ਗੁਰਜਰ ਨੇ ਅੱਜ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨੁਪ੍ਰਿਤਾ ਜੌਹਲ ਅਤੇ ਜ਼ਿਲ੍ਹੇ ਦੇ ਸਾਰੇ ਅੱਠ ਵਿਧਾਨ ਸਭਾ ਹਲਕਿਆਂ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ (ਈ.ਆਰ.ਓਜ਼) ਨਾਲ ਬੈਠਕ ਕਰਕੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਮੌਕੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਵੀ ਮੌਜ

ਸੌਣ ਤੋਂ ਪਹਿਲਾਂ ਕਰੋ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼

ਅਜੋਕੀ ਦੌੜ-ਭੱਜ ਵਾਲੀ ਜ਼ਿੰਦਗੀ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਜਿੱਥੇ ਥਕਾਅ ਦਿੰਦੀ ਹੈ, ਉੱਥੇ ਅਸੀਂ ਕਈ ਛੋਟੀਆਂ-ਛੋਟੀਆਂ ਸਰੀਰਕ ਸਮੱਸਿਆਵਾਂ ਵੀ ਪੈਦਾ ਕਰ ਦਿੰਦੀ ਹੈ। ਜੇ ਅਸੀਂ ਆਪਣੇ ਰੋਜ਼ਾਨਾ ਦੇ ਕੰਮਾਂ ਤੋਂ ਬਾਅਦ ਸੌਣ ਵੇਲੇ ਕੁਝ ਸਮਾਂ ਆਪਣੇ ਲਈ ਕੱਢ ਕੇ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰਨ ਦੀ ਆਦਨ ਨੂੰ ਅਪਣਾ ਲਈਏ ਤਾਂ ਅਸੀਂ ਅਜਿਹੀਆਂ ਕਈ ਸਮੱਸਿਆਵਾਂ ਤੋਂ ਬਚੇ ਰਹਿ ਸਕਦੇ ਹਾਂ। ਇਸ ਨਾਲ ਥਕਾਵਟ ਵੀ ਦੂਰ ਹੋਵੇਗੀ, ਨੀਂਦ ਵੀ ਚੰਗੀ ਆਵੇਗੀ ਅਤੇ ਬਲੱਡ ਪ੍ਰੈਸ਼ਰ ਵੀ ਸਹੀ ਰਹੇਗਾ।

ਤਰੀਕਾ

ਕੋਸੇ ਪਾਣੀ ਵਿਚ ਸਰ੍ਹੋਂ ਜਾਂ ਨਾਰੀਅਲ ਦੇ ਤੇਲ ਦੀਆਂ ਕੁਝ ਬੂੰਦਾਂ ਮਿਲਾਓ। ਇਸ 'ਚ 10 ਮਿੰਟ ਲਈ ਪੈਰ ਡੁੱਬੋ ਕੇ ਰੱਖੋ ਤੇ ਫਿਰ ਤੌਲੀਏ ਨਾਲ ਪੈਰਾਂ ਨੂੰ ਚੰਗੀ ਤਰ੍ਹਾਂ ਸੁਕਾ ਲਵੋ। ਇਸ ਤੋਂ ਬਾਅਦ ਸਰ੍ਹੋਂ ਜਾਂ ਨਾਰੀਅਲ ਦੇ ਤੇਲ ਨੂੰ ਹਲਕਾ ਗਰਮ ਕਰ ਕੇ ਉਸ ਨਾਲ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰੋ। 10 ਤੋਂ 15 ਮਿੰਟ ਤਲੀਆਂ ਦੀ ਮਾਲਿਸ਼ ਕਰਨ ਤੋਂ ਬਾਅਦ ਸੌਂ ਜਾਓ।

ਬਲੱਡ ਸਰਕੁਲੇਸ਼ਨ

ਦਫ਼ਤਰ ਜਾਣ ਤੋਂ ਲੈ ਕੇ ਵਾਪਸ ਘਰ ਪਰਤਣ ਤਕ ਅਸੀਂ ਸਾਰਾ ਦਿਨ ਟਾਈਟ ਜੁੱਤੀ ਪਾ ਕੇ ਰੱਖਦੇ ਹਨ। ਜਿਸ ਨਾਲ ਖ਼ੂਨ ਦਾ ਦੌਰਾ ਪੈਰਾਂ ਤਕ ਸਹੀਂ ਤਰੀਕੇ ਨਾਲ ਨਹੀਂ ਪਹੁੰਚਦਾ। ਇਸ ਨਾਲ ਪੈਰਾਂ 'ਚ ਦਰਦ ਰਹਿਣ ਤੋਂ ਇਲਾਵਾ ਕਈ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰਨ ਨਾਲ ਖ਼ੂਨ ਦਾ ਵਹਾਅ ਸਹੀ ਹੋਵੇਗਾ ਤੇ ਦਰਦ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲੇਗਾ।

ਗੂੜ੍ਹੀ ਨੀਂਦ

ਜਿਹੜੇ ਲੋਕ ਉਣੀਂਦਰੇ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਮਾਨਸਿਕ ਅਤੇ ਦਿਮਾਗ਼ੀ ਬਿਮਾਰੀਆਂ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ। ਸੌਣ ਤੋਂ ਪਹਿਲਾਂ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰਨ ਨਾਲ ਨੀਂਦ ਵੀ ਗੂੜ੍ਹੀ ਆਉਂਦੀ ਹੈ ਅਤੇ ਮਾਨਸਿਕ ਉਲਝਣਾਂ ਤੋਂ ਵੀ ਬਚਾਅ ਰਹਿੰਦਾ ਹੈ।

ਤਣਾਅ

ਕੰਮ ਦੇ ਬਦਲਦੇ ਹੋਏ ਰੂਪ ਜਾਂ ਜ਼ਿਆਦਾ ਕੰਮ ਮਾਨਸਿਕ ਤਣਾਅ ਪੈਦਾ ਕਰਦਾ ਹੈ। ਇਹ ਤਣਾਅ ਜੇ ਇਕ ਹੱਦ ਤੋਂ ਵਧ ਜਾਵੇ ਤਾਂ 'ਡਿਪਰੈਸ਼ਨ' ਦਾ ਕਾਰਨ ਬਣਦਾ ਹੈ। ਸੌਣ ਤੋਂ ਪਹਿਲਾਂ ਰੋਜ਼ਾਨਾ ਤਲੀਆਂ ਦੀ ਮਾਲਿਸ਼ ਕਰਨ ਨਾਲ ਦਿਮਾਗ਼ ਰਿਲੈਕਸ ਹੁੰਦਾ ਹੈ ਅਤੇ ਤਣਾਅ ਤੋਂ ਵੀ ਛੁਟਕਾਰਾ ਮਿਲਦਾ ਹੈ।

ਬਲੱਡ ਪ੍ਰੈਸ਼ਰ

ਸਾਡੇ ਪੈਰ ਸਰੀਰ ਦੇ ਸਭ ਤੋਂ ਹੇਠਾਂ ਸਥਿਤ ਹੋਣ ਕਾਰਨ ਖ਼ੂਨ ਇਨ੍ਹਾਂ ਤਕ ਆਸਾਨੀ ਨਾਲ ਤਾਂ ਪਹੁੰਚ ਜਾਂਦਾ ਹੈ ਪਰ ਧਰਤੀ ਦੀ ਗੁਰੂਤਾਆਕਰਸ਼ਣ ਸ਼ਕਤੀ ਕਾਰਨ ਸਰੀਰ ਦੇ ਇਸ ਹਿੱਸੇ ਤੋਂ ਖ਼ੂਨ ਦਾ ਸਰੀਰ ਦੇ ਉੱਪਰਲੇ ਅੰਗਾਂ ਤਕ ਪਹੁੰਚਣ ਲਈ ਦਿਲ ਨੂੰ ਕਾਫ਼ੀ ਜ਼ੋਰ ਲਗਾਉਣਾ ਪੈਂਦਾ ਹੈ, ਜਿਸ ਕਾਰਨ ਬਲੱਡ ਪ੍ਰੈਸ਼ਰ ਦਾ ਦਬਾਅ ਸਰੀਰ ਵਿਚ ਵਧ ਸਕਦਾ ਹੈ। ਇਸ ਕਰ ਕੇ ਤਲੀਆਂ ਦੀ ਮਾਲਿਸ਼ ਜ਼ਰੂਰ ਕਰੋ।

• ਫੀਚਰ ਡੈਸਕ

ਦਲ਼ੀਏ 'ਚ ਲੁਕੇ ਹਨ ਸਿਹਤਮੰਦੀ ਦੇ ਰਾਜ਼

ਦਲ਼ੀਆ ਖਾਣ 'ਚ ਜਿੰਨਾ ਸੁਆਦ ਹੁੰਦਾ ਹੈ ਓਨਾ ਹੀ ਸਿਹਤ ਲਈ ਵਧੀਆ ਵੀ ਮੰਨਿਆ ਜਾਂਦਾ ਹੈ। ਇਸ ਵਿਚ ਭਰਪੂਰ ਮਾਤਰਾ 'ਚ ਪੌਸ਼ਟਿਕ ਤੱਤ ਹੁੰਦੇ ਹਨ, ਜੋ ਸਰੀਰ 'ਚ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਆਓ, ਦਲ਼ੀਏ ਦੇ ਕੁਝ ਅਹਿਮ ਗੁਣਾਂ ਉੱਪਰ ਝਾਤੀ ਮਾਰੀਏ...

ਹੀਮੋਗਲੋਬਿਨ ਵਧਾਏ

ਸਰੀਰ ਵਿਚ ਹੀਮੋਗਲੋਬਿਨ ਜਾਂ ਆਇਰਨ ਦੀ ਕਮੀ ਕਾਰਨ ਅਸੀਂ ਅਨੀਮੀਆ ਜਾਂ ਖ਼ੂਨ ਦੀ ਕਮੀ ਦੇ ਸ਼ਿਕਾਰ ਹੋ ਜਾਂਦੇ ਹਾਂ। ਖ਼ੂਨ ਦੀ ਕਮੀ ਕਾਰਨ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ (ਇਮਿਊਨਿਟੀ) ਵੀ ਘੱਟ ਜਾਂਦੀ ਹੈ। ਜਿਹੜੇ ਲੋਕ ਅਨੀਮੀਆ ਜਾਂ ਖ਼ੂਨ ਦੀ ਕਮੀ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਦਲ਼ੀਆ ਜ਼ਰੂਰ ਖਾਣਾ ਚਾਹੀਦਾ ਹੈ।

ਚਰਬੀ ਘਟਾਏ

ਤਲੇ ਹੋਏ ਭੋਜਨ ਪਦਾਰਥ ਅਤੇ ਜੰਕ ਫੂਡ ਕਾਰਨ ਸਾਡੇ ਸਰੀਰ ਵਿਚ ਚਰਬੀ ਜਾਂ ਫੈਟ ਵਧ ਜਾਂਦੀ ਹੈ। ਇਸ ਨਾਲ ਚਰਬੀ ਕੋਲੈਸਟ੍ਰੋਲ ਦੇ ਰੂਪ ਵਿਚ ਖ਼ੂਨ ਵਾਲੀਆਂ ਨਾਲੀਆਂ ਦੇ ਅੰਦਰ ਜਮ੍ਹਾਂ ਹੋ ਕੇ ਖ਼ੂਨ ਜੇ ਦਬਾਅ 'ਚ ਵਾਧੇ ਅਤੇ ਦਿਲ ਦੇ ਕਈ ਰੋਗਾਂ ਨੂੰ ਪੈਦਾ ਕਰ ਸਕਦੀ ਹੈ। ਦਲ਼ੀਆ ਖਾਣ ਨਾਲ ਅਸੀਂ ਵਧੀ ਹੋਈ ਇਸ ਚਰਬੀ ਨੂੰ ਕਾਬੂ 'ਚ ਰੱਖ ਸਕਦੇ ਹਾਂ।



ਸ਼ੂਗਰ ਰਹੇ ਕਾਬੂ ਹੇਠ

ਡਾਇਬਟੀਜ਼ ਜਾਂ ਸ਼ੂਗਰ ਦੇ ਰੋਗੀਆਂ ਨੂੰ ਮਿੱਸੀ ਰੋਟੀ, ਵੇਸਣ ਦੀ ਰੋਟੀ ਆਦਿ ਤੋਂ ਇਲਾਵਾ ਦਲ਼ੀਏ ਦਾ ਵੀ ਹਫ਼ਤੇ ਵਿਚ ਘੱਟੋ-ਘੱਟ ਦੋ ਵਾਰ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਨੂੰ ਜਿੱਥੇ ਉਚਿਤ ਮਾਤਰਾ 'ਚ ਊਰਜਾ ਮਿਲੇਗੀ ਉੱਥੇ ਖ਼ੂਨ 'ਚ ਸ਼ੂਗਰ ਜਾਂ ਗ਼ੁਲੂਕੋਜ਼ ਦਾ ਪੱਧਰ ਵੀ ਕਾਬੂ ਹੇਠ ਰਹਿੰਦਾ ਹੈ।

ਐਨਰਜੀ ਵਧਾਏ

ਸਰੀਰ 'ਚ ਐਨਰਜੀ ਦੇ ਪੱਧਰ ਨੂੰ ਵਧਾਉਣ ਦਾ ਸਭ ਤੋਂ ਵਧੀਆ ਜ਼ਰੀਆ ਦਲ਼ੀਏ ਨੂੰ ਹੀ ਮੰਨਿਆ ਜਾਂਦਾ ਹੈ। ਇਸ ਵਿਚ ਭਰਪੂਰ ਮਾਤਰਾ 'ਚ ਵਿਟਾਮਿਨ ਮੌਜੂਦ ਹੁੰਦੇ ਹਨ, ਜਿਸ ਦੇ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਇਸੇ ਲਈ ਅਕਸਰ ਡਾਕਟਰਾਂ ਦੁਆਰਾ ਵੀ ਮਰੀਜ਼ ਨੂੰ ਬਿਮਾਰੀ ਦੀ ਹਾਲਤ 'ਚ ਦਲ਼ੀਏ ਨੂੰ ਖ਼ੁਰਾਕ 'ਚ ਸ਼ਾਮਲ ਕੀਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਹੱਡੀਆਂ ਦੀ ਮਜ਼ਬੂਤੀ

ਦਲ਼ੀਏ 'ਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵੀ ਭਰਪੂਰ ਮਾਤਰਾ 'ਚ ਹੁੰਦੇ ਹਨ। ਇਹ ਦੋਵੇਂ ਤੱਤ ਹੱਡੀਆਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦੇ ਹੈ। ਛੋਟੀ ਉਮਰ ਦੇ ਬੱਚਿਆਂ ਨੂੰ ਹੱਡੀਆਂ ਦੀ ਮਜ਼ਬੂਤੀ ਅਤੇ ਦੰਦੀਆਂ ਕੱਢਣ ਵਾਸਤੇ ਭਰਪੂਰ ਮਾਤਰਾ 'ਚ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਇਸ ਕਰ ਕੇ ਦਲ਼ੀਏ ਨੂੰ ਆਪਣੀ ਖ਼ੁਰਾਕ 'ਚ ਸ਼ਾਮਲ ਕਰਨਾ ਚਾਹੀਦਾ।

• ਫੀਚਰ ਡੈਸਕ

ਓ-ਨੈਗੇਟਿਵ ਖ਼ੂਨ ਹਰ ਤਰ੍ਹਾਂ ਦੇ ਬਲੱਡ ਗਰੁੱਪ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ। ਇਸ ਨੂੰ ਯੂਨੀਵਰਸਲ ਡੋਨਰ ਵੀ ਆਖਦੇ ਹਨ। ਇਸ ਗਰੁੱਪ ਦੀ ਮੰਗ ਸਭ ਤੋਂ ਜ਼ਿਆਦਾ ਹੁੰਦੀ ਹੈ। ਇਸ ਤੋ ਇਲਾਵਾ ਏ.ਬੀ ਪਲਾਜ਼ਮਾ ਹਰ ਤਰ੍ਹਾਂ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ...

ਜ਼ਿੰਦਗੀ ਦੇ ਸਤਿਕਾਰ ਦਾ ਨਾਂ ਹੈ ਖ਼ੂਨਦਾਨ

ਨਵਜੋਤ ਬਜਾਜ (ਗੱਗੂ)

ਮਨੁੱਖੀ ਸਰੀਰ ਅੰਦਰ ਜੇ ਖ਼ੂਨ ਦੀ ਮਾਤਰਾ ਘੱਟ ਜਾਵੇ ਤਾਂ ਇਨਸਾਨ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਘੇਰ ਲੈਂਦੀਆਂ ਹਨ। ਕਈ ਵਾਰ ਤਾਂ ਇਨਸਾਨ ਮੌਤ ਦੇ ਮੂੰਹ 'ਚ ਚਲਾ ਜਾਂਦਾ ਹੈ। ਸਰੀਰ ਅੰਦਰ ਖ਼ੂਨ ਪਰਮਾਤਮਾ ਦੀ ਦੇਣ ਹੈ। ਦੁਨੀਆ 'ਤੇ ਕੋਈ ਵੀ ਅਜਿਹੀ ਮਸ਼ੀਨ ਨਹੀ ਬਣੀ, ਜਿਸ ਨਾਲ ਖ਼ੂਨ ਤਿਆਰ ਕੀਤਾ ਜਾ ਸਕੇ ਪਰ ਮਨੁੱਖ ਨੇ ਅਜਿਹੀ ਮੁਹਾਰਤ ਹਾਸਲ ਕਰ ਲਈ ਹੈ ਕਿ ਖ਼ੂਨ ਨੂੰ ਸਰੀਰ 'ਚੋਂ ਕੱਢਿਆ ਤੇ ਪਾਇਆ ਜਾ ਸਕਦਾ ਹੈ ਤੇ ਸਰੀਰ ਅੰਦਰ ਖ਼ੂਨ ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ। ਸਾਡੇ ਦੇਸ਼ ਵਿਚ ਰੋਜ਼ ਹੁੰਦੇ ਹਾਦਸਿਆਂ ਕਾਰਨ ਅਨੇਕਾਂ ਲੋਕ ਆਪਣੀ ਜਾਨ ਗੁਆ ਬੈਠਦੇ ਹਨ ਤੇ ਜ਼ਿਆਦਾਤਰ ਲੋਕਾਂ ਦੀ ਮੌਤ ਸਰੀਰ 'ਚੋਂ ਵਧੇਰੇ ਮਾਤਰਾ ਵਿਚ ਖ਼ੂਨ ਵਗਣ ਨਾਲ ਹੁੰਦੀ ਹੈ। ਅਜਿਹੇ ਕੁਝ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਦੇ ਕੇ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਹੈ ਪਰ ਇਹ ਤਦ ਹੀ ਸੰਭਵ ਹੈ ਜੇ ਲੋਕ ਬੇਝਿਜਕ ਹੋ ਕੇ ਸਵੈ-ਇੱਛਕ ਖ਼ੂਨਦਾਨ ਕਰਨ।

ਡਾ. ਜੇ.ਜੀ.ਜੌਲੀ ਦੀ ਮਹਾਨ ਦੇਣ

1975 ਤੋ ਹਰ ਸਾਲ ਭਾਰਤ ਵਿਚ ਪਹਿਲੀ ਅਕਤੂਬਰ ਦਾ ਦਿਨ ਰਾਸ਼ਟਰੀ ਸਵੈ-ਇੱਛੁਕ ਖ਼ੂਨਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਡਾ. ਜੇ.ਜੀ ਜੌਲੀ ਦੁਆਰਾ ਕੀਤੀ ਗਈ ਸੀ, ਜੋ ਉਸ ਸਮੇਂ ਪੀਜੀਆਈ ਚੰਡੀਗੜ੍ਹ ਵਿਖੇ ਫਿਜ਼ੀਸ਼ੀਅਨ ਤੇ ਬਲੱਡ ਟਰਾਂਸਫਿਊਜ਼ਨ ਦੇ ਮਾਹਿਰ ਸਨ। ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬਲੱਡ ਟਰਾਂਸਫਿਊਜ਼ਨ ਦੇ ਮਾਹਿਰ ਮੰਨਿਆ ਜਾਂਦਾ ਹੈ। ਡਾ. ਜੌਲੀ ਨੇ ਬਲੱਡ ਬੈਂਕ ਸੁਸਾਇਟੀ ਚੰਡੀਗੜ੍ਹ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਨੂੰ ਭਾਰਤ ਵਿਚ ਬਲੱਡ ਬੈਂਕ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਪਿੱਛੇ ਉਨ੍ਹਾਂ ਦਾ ਮੰਤਵ ਆਮ ਜਨਤਾ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਨਾ ਅਤੇ ਲੋੜੀਦੇ ਖ਼ੂਨ ਦੇ ਟੀਚੇ ਪ੍ਰਾਪਤ ਕਰਨਾ ਸੀ।

ਭਰਮ ਭੁਲੇਖੇ

ਓ-ਨੈਗੇਟਿਵ ਖ਼ੂਨ ਹਰ ਤਰ੍ਹਾਂ ਦੇ ਬਲੱਡ ਗਰੁੱਪ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ। ਇਸ ਨੂੰ ਯੂਨੀਵਰਸਲ ਡੋਨਰ ਵੀ ਆਖਦੇ ਹਨ ਪਰ ਓ-ਬਲੱਡ ਗਰੁੱਪ ਦੀ ਮੰਗ ਸਭ ਤੋਂ ਜ਼ਿਆਦਾ ਹੁੰਦੀ ਹੈ। ਇਸ ਤੋ ਇਲਾਵਾ ਏ.ਬੀ ਪਲਾਜ਼ਮਾ ਹਰ ਤਰ੍ਹਾਂ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ। ਭਾਰਤ ਵਿਚ ਤ੍ਰਿਪੁਰਾ, ਤਾਮਿਲਨਾਡੂ, ਪੱਛਮੀ ਬੰਗਾਲ ਤੇ ਮਹਾਰਾਸ਼ਟਰ ਵਿਚ ਖ਼ੂਨਦਾਨ ਕਰਨ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ।

ਕੁੱਝ ਲੋਕ ਸਮਝਦੇ ਹਨ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕਮਜ਼ੋਰੀ ਆ ਜਾਂਦੀ ਹੈ ਪਰ ਇਹ ਗੱਲ ਬਿਲਕੁਲ ਬੇਬੁਨਿਆਦ ਹੈ। ਇਕ ਤੰਦਰੁਸਤ ਵਿਅਕਤੀ ਹਰ ਛੇ ਮਹੀਨੇ ਬਾਅਦ ਆਪਣਾ ਖ਼ੂਨਦਾਨ ਕਰ ਸਕਦਾ ਹੈ। ਖ਼ੂਨਦਾਨ ਕਰਨ ਉਪਰੰਤ 48 ਘੰਟੇ ਬਾਅਦ ਹੀ ਖ਼ੂਨ ਦੇ ਸੈੱਲ ਬਣਨੇ ਸ਼ੁਰੂ ਹੋ ਜਾਂਦੇ ਹਨ, ਜੋ ਇਕ ਤੋਂ ਦੋ ਮਹੀਨੇ ਬਾਅਦ ਹੀ ਪੂਰੇ ਹੋ ਜਾਂਦੇ ਹਨ। ਹਰ ਉਹ ਵਿਅਕਤੀ, ਜਿਸ ਦੀ ਉਮਰ 18 ਤੋ 50 ਸਾਲ ਦੇ ਦਰਮਿਆਨ, ਭਾਰ 50 ਕਿੱਲੋ ਹੈ ਅਤੇ ਸਰੀਰ ਵਿਚ ਖ਼ੂਨ ਦੀ ਮਾਤਰਾ 12.5 ਗ੍ਰਾਮ ਪ੍ਰਤੀ 100 ਮਿਲੀਲਿਟਰ ਹੈ, ਖ਼ੂਨਦਾਨ ਕਰ ਸਕਦਾ ਹੈ। ਇਸ ਨਾਲ ਕਿਸੇ ਤਰ੍ਹਾਂ ਦਾ ਸਰੀਰਿਕ ਨੁਕਸਾਨ ਨਹੀ ਹੁੰਦਾ।

ਕਮੀ

ਭਾਰਤ 'ਚ ਹਰ ਸਾਲ ਸਵਾ ਕਰੋੜ ਯੂਨਿਟ ਖ਼ੂਨ ਦੀ ਲੋੜ ਹੁੰਦੀ ਹੈ। ਇਨ੍ਹਾਂ ਵਿੱਚੋਂ 70 ਫ਼ੀਸਦੀ ਲੋਕ ਹੀ ਸਵੈ-ਇੱਛਾ ਨਾਲ ਖ਼ੂਨਦਾਨ ਕਰਦੇ ਹਨ। ਬਾਕੀ 30 ਫ਼ੀਸਦੀ ਖ਼ੂਨ ਰਿਸ਼ਤੇਦਾਰਾਂ ਜਾਂ ਦੋਸਤਾਂ ਵੱਲੋਂ ਆਪਣੇ ਮਰੀਜ਼ ਦੀ ਜਾਨ ਬਚਾਉਣ ਲਈ ਦਿੱਤਾ ਜਾਂਦਾ ਹੈ। ਭਾਰਤ 'ਚ ਹਰ ਦੋ ਸਕਿੰਟ ਬਾਅਦ ਕਿਸੇ ਨਾ ਕਿਸੇ ਵਿਅਕਤੀ ਨੂੰ ਖ਼ੂਨ ਦੀ ਜ਼ਰੂਰਤ ਪੈਂਦੀ ਹੈ। ਇਕ ਦਿਨ 'ਚ 38,000 ਯੂਨਿਟ ਤੋਂ ਵੱਧ ਖ਼ੂਨਦਾਨ ਕਰਨ ਵਾਲਿਆਂ ਦੀ ਜ਼ਰੂਰਤ ਹੈ। ਹਰ ਸਾਲ ਕੈਂਸਰ ਤੋਂ ਪੀੜ੍ਹਤ 10 ਲੱਖ ਲੋਕਾਂ ਨੂੰ ਇਲਾਜ ਦੌਰਾਨ ਖ਼ੂਨ ਦੀ ਜ਼ਰੂਰਤ ਪੈਂਦੀ ਹੈ।

ਲਾਭ

ਖ਼ੂਨਦਾਨ ਕਰਨ ਲਈ ਉਸ ਨੂੰ ਮੈਡੀਕਲ ਚੈਕਅੱਪ ਦੀ ਇਕ ਨਿੱਕੀ ਜਿਹੀ ਪ੍ਰਕਿਰਿਆ 'ਚੋਂ ਲੰਘਣਾ ਪੈਂਦਾ ਹੈ। ਇਸ ਦੌਰਾਨ ਉਸ ਦੇ ਖ਼ੂਨ ਦੀ ਜਾਂਚ ਕਰ ਕੇ ਪਤਾ ਲਾਇਆ ਜਾਂਦਾ ਹੈ ਕਿ ਵਿਅਕਤੀ ਖ਼ੂਨਦਾਨ ਕਰਨ ਲਈ ਸਰੀਰਕ ਤੌਰ 'ਤੇ ਯੋਗ ਹੈ ਜਾਂ ਨਹੀ। ਇਸ ਨਾਲ ਅਸੀਂ ਸਹੀ ਅਰਥਾਂ 'ਚ ਸਮਾਜ ਤੇ ਮਾਨਵਤਾ ਦੀ ਸੇਵਾ ਕਰ ਸਕਦੇ ਹਾਂ। ਖ਼ੂਨਦਾਨ ਕਰ ਕੇ ਅਸੀਂ ਕੇਵਲ ਕਿਸੇ ਇਕ ਵਿਅਕਤੀ ਦੀ ਜਾਨ ਨਹੀਂ ਬਚਾਉਂਦੇ ਸਗੋਂ ਉਸ ਦੇ ਬਹੁਤ ਸਾਰੇ ਪਰਿਵਾਰਕ ਮੈਂਬਰਾਂ ਦਾ ਵੀ ਅਣਜਾਣੇ ਵਿਚ ਹੀ ਭਲਾ ਕਰ ਰਹੇ ਹੁੰਦੇ ਹਨ। ਸਾਡੇ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਹਾਦਸਾਗ੍ਰਸਤ ਵਿਅਕਤੀ ਦੀ ਜਾਨ ਬਚਾ ਸਕਦਾ ਹੈ। ਕੈਂਸਰ, ਹੈਪੇਟਾਈਪਸ-ਬੀ ਤੇ ਸੀ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਵਿਅਕਤੀ ਦੀ ਜ਼ਿੰਦਗੀ ਦੇ ਕੁੱਝ ਸਾਲ ਹੋਰ ਵਧਾ ਸਕਦਾ ਹੈ। ਕਈ ਵਾਰ ਗਰਭਵਰਤੀ ਔਰਤ ਅਤੇ ਉਸ ਦੇ ਪੇਟ 'ਚ ਪਲ ਰਹੇ ਬੱਚੇ ਦੀ ਜਾਨ ਵੀ ਸਾਡੇ ਦੁਆਰਾ ਦਿੱਤੇ ਗਏ ਖ਼ੂਨ ਨਾਲ ਬਚਾਈ ਜਾ ਸਕਦੀ ਹੈ। ਖ਼ੂਨਦਾਨ ਕਰਨ ਨਾਲ ਖ਼ੂਨ ਵਿਚ ਮੌਜੂਦ ਵਾਧੂ ਤੱਤ ਸਰੀਰ 'ਚੋਂ ਬਾਹਰ ਆ ਜਾਂਦੇ ਹਨ ਅਤੇ ਹਾਰਟ-ਅਟੈਕ ਦਾ ਖ਼ਤਰਾ ਘੱਟ ਜਾਂਦਾ ਹੈ। ਇਸ ਤਰ੍ਹਾਂ ਅਸੀਂ ਖ਼ੂਨਦਾਨ ਕਰ ਕੇ ਹਾਰਟ-ਅਟੈਕ, ਬਰੇਨ-ਹੈਮਰੇਜ਼ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋ ਵੀ ਬਚ ਸਕਦੇ ਹਾਂ।

ਸਮਾਜ ਸੇਵੀ ਸੰਸਥਾਵਾਂ ਦਾ ਯੋਗਦਾਨ

ਖ਼ੂਨ ਦੀ ਜ਼ਰੂਰਤ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਪੈ ਸਕਦੀ ਹੈ। ਸਾਡੇ ਸਮਾਜ ਅੰਦਰ ਅਨੇਕਾਂ ਸੰਸਥਾਵਾਂ ਕਲੱਬ, ਸਰਕਾਰੀ ਅਦਾਰੇ ਵੀ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਉਤਸ਼ਾਹਿਤ ਕਰਦੇ ਹਨ। ਭਾਰਤ ਅੰਦਰ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਗਰੁੱਪ ਵੱਲੋਂ ਖ਼ੂਨਦਾਨ ਮੁਹਿੰਮ ਚਲਾਈ ਗਈ ਹੈ ਤੇ ਲੋੜਵੰਦ ਲੋਕਾਂ ਨੂੰ ਕਿਸੇ ਵੀ ਵੇਲੇ ਖ਼ੂਨ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਦਾ ਰਿਕਾਰਡ ਗਿੰਨੀਜ਼ ਬੁਕਸ 'ਚ ਵੀ ਸ਼ਾਮਲ ਹੋ ਚੁੱਕਾ ਹੈ। •

ਸਵਾਈਨ ਫਲੂ

ਲੱਛਣ ਤੇ ਰੋਕਥਾਮ

ਜੁਝਾਰ 'ਖੁਸ਼ਦਿਲ' ਹਰੀਗੜ੍ਹ

ਸਵਾਈਨ ਫਲੂ ਇਕ ਲਾਗ ਦੀ ਬਿਮਾਰੀ ਹੈ। ਇਸ ਦੀ ਲਾਗ ਬਿਮਾਰੀ ਤੋਂ ਪ੍ਰਭਾਵਿਤ ਇਨਸਾਨ ਵੱਲੋਂ ਛਿੱਕ ਮਾਰਨ, ਖ਼ਾਂਸੀ, ਥੁੱਕ ਰਾਹੀਂ ਹਵਾ ਵਿਚ ਫੈਲਣ ਵਾਲੇ ਕਿਟਾਣੂਆਂ ਜ਼ਰੀਏ ਤੰਦਰੁਸਤ ਵਿਅਕਤੀ ਤਕ ਪਹੁੰਚ ਕੇ ਉਸ ਨੂੰ ਵੀ ਆਪਣੀ ਗ੍ਰਿਫ਼ਤ ਵਿਚ ਲੈ ਲ

‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ ਤਹਿਤ ਹੁਣ ਤੱਕ ਕਰੀਬ 3,722 ਕਰੋੜ ਰੁਪਏ ਮਹਿਲਾਵਾਂ ਦੇ ਖਾਤਿਆਂ ਵਿੱਚ ਸਿੱਧੇ ਟਰਾਂਸਫਰ: ਡਾ. ਬਲਜੀਤ ਕੌਰ

➢ ਜੁਲਾਈ-ਸਤੰਬਰ ਦੌਰਾਨ 75.16 ਲੱਖ ਤੋਂ ਵੱਧ ਮਹਿਲਾਵਾਂ ਨੂੰ 2602.46 ਕਰੋੜ ਰੁਪਏ ਜਾਰੀ ➢ ਦੂਜੇ ਪੜਾਅ ਦੀ ਪਹਿਲੀ ਕਿਸ਼ਤ ਤਹਿਤ 32 ਲੱਖ ਤੋਂ ਵੱਧ ਮਹਿਲਾਵਾਂ ਦੇ ਖਾਤਿਆਂ ਵਿੱਚ 1,118.93 ਕਰੋੜ ਰੁਪਏ ਭੇਜੇ ➢ 79 ਲੱਖ ਤੋਂ ਵੱਧ ਮਹਿਲਾਵਾਂ ਰਜਿਸਟਰ; ਇੱਕ ਕਰੋੜ ਤੋਂ ਵੱਧ ਮਹਿਲਾਵਾਂ ਨੂੰ ਮਿਲੇਗਾ ਯੋਜਨਾ ਦਾ ਲਾਭ

ਚੰਡੀਗੜ੍ਹ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਮਹਿਲਾ ਸਸ਼ਕਤੀਕਰਨ ਦੇ ਖੇਤਰ ਵਿੱਚ ਇੱਕ ਨਵਾਂ ਇਤਿਹਾਸ ਸਿਰਜ ਰਹੀ ਹੈ। ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਹੁਣ ਤੱਕ ਕਰੀਬ 3,722 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਸਿੱਧੇ ਲਾਭਪਾਤਰੀ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾ ਚੁੱਕੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪਹਿਲੇ ਪੜਾਅ ਤਹਿਤ ਜੁਲਾਈ, ਅਗਸਤ ਅਤੇ ਸਤੰਬਰ ਮਹੀਨਿਆਂ ਲਈ 75.16 ਲੱਖ ਤੋਂ ਵੱਧ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ 2602.46 ਕਰੋੜ ਰੁਪਏ ਦੀ ਰਾਸ਼ੀ ਸਿੱਧੀ ਜਮ੍ਹਾਂ ਕਰਵਾਈ ਗਈ। ਇਸ ਤੋਂ ਇਲਾਵਾ, ਦੂਜੇ ਪੜਾਅ

ਦੀ ਪਹਿਲੀ ਕਿਸ਼ਤ ਤਹਿਤ 32 ਲੱਖ ਤੋਂ ਵੱਧ ਮਹਿਲਾਵਾਂ ਨੂੰ 1,118.93 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਰਕਮ ਮਹਿਲਾਵਾਂ ਦੇ ਆਰਥਿਕ ਸਸ਼ਕਤੀਕਰਨ ਅਤੇ ਸਮਾਜਿਕ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਯੋਜਨਾ ਤਹਿਤ ਹੁਣ ਤੱਕ 79 ਲੱਖ ਤੋਂ ਵੱਧ ਮਹਿਲਾਵਾਂ ਰਜਿਸਟਰ ਹੋ ਚੁੱਕੀਆਂ ਹਨ, ਜਦਕਿ ਇੱਕ ਕਰੋੜ ਤੋਂ ਵੱਧ ਮਹਿਲਾਵਾਂ ਨੂੰ ਇਸ ਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਸਨਮਾਨ, ਸੁਰੱਖਿਆ ਅਤੇ ਸਮਾਜਿਕ ਭਾਗੀਦਾਰੀ ਨੂੰ ਨਵੀਂ ਮਜ਼ਬੂਤੀ ਦੇ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਉੱਤੇ ਪੰਜਾਬ ਸਰਕਾਰ ਵੱਲੋਂ ਹਰ ਸਾਲ ਕਰੀਬ 12,000 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਹ ਦੇਸ਼ ਦੀ ਪਹਿਲੀ ਅਤੇ ਵਿਲੱਖਣ ਯੋਜਨਾ ਹੈ, ਜਿਸ ਤਹਿਤ ਪੰਜਾਬ ਦੀਆਂ 97 ਫ਼ੀਸਦੀ ਮਹਿਲਾਵਾਂ ਨੂੰ ਕਵਰ ਕੀਤਾ ਜਾਵੇਗਾ। 18 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਯੋਗ ਮਹਿਲਾਵਾਂ ਇਸ ਯੋਜਨਾ ਅਧੀਨ ਲਾਭ ਪ੍ਰਾਪਤ ਕਰਨਗੀਆਂ। ਯੋਜਨਾ ਤਹਿਤ ਆਮ ਵਰਗ ਦੀਆਂ ਮਹਿਲਾਵਾਂ ਨੂੰ ਹਰ ਮਹੀਨੇ 1,000 ਰੁਪਏ, ਜਦਕਿ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ ਹਰ ਮਹੀਨੇ 1,500 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਸੂਬੇ ਦੀ ਹਰ ਯੋਗ ਮਹਿਲਾ ਨੂੰ ਆਰਥਿਕ ਸੁਰੱਖਿਆ, ਸਨਮਾਨ ਅਤੇ ਆਤਮ-ਨਿਰਭਰਤਾ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਕੇਵਲ ਵਿੱਤੀ ਸਹਾਇਤਾ ਨਹੀਂ, ਸਗੋਂ ਮਹਿਲਾਵਾਂ ਦੇ ਸਨਮਾਨ, ਸਮਾਜਿਕ ਨਿਆਂ ਅਤੇ ਸਸ਼ਾਵੇਸ਼ੀ ਵਿਕਾਸ ਪ੍ਰਤੀ ਸਰਕਾਰ ਦੀ ਮਜ਼ਬੂਤ ਵਚਨਬੱਧਤਾ ਦਾ ਪ੍ਰਤੀਕ ਹੈ।

ਇੰਦਰਾ ਕਲੋਨੀ ਵਿੱਚ ਰਾਮ ਲੀਲਾ ਮੰਚਨ ਦੀ ਹੋਈ ਸ਼ੁਰੂਆਤ

ਮਾਛੀਵਾੜਾ ਸਾਹਿਬ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਇੰਦਰਾ ਕਾਲੋਨੀ ਵਿਖੇ ਹਰ ਸਾਲ ਦੀ ਤਰ੍ਹਾ ਇਸ ਵਾਰ ਵੀ 10 ਦਿਨੀ ਧਾਰਮਿਕ ਸਮਾਗਮ ਦੀ ਪੂਜਾ ਅਰਚਨਾ ਤੂੰ ਬਾਅਦ ਸ਼ੁਰੂਆਤ ਹੋਈ। ਰਾਮ ਲੀਲ੍ਹਾ ਦੇ ਪ੍ਰਧਾਨ ਸਤਪਾਲ ਸਿੰਘ ਨੇ ਦੱਸਿਆ ਕਿ ਅੱਜ ਰਾਮ ਲੀਲ੍ਹਾ ਦੀ ਸ਼ੁਰੂਆਤ ਮੰਦਿਰ ਕਮੇਟੀ ਦੇ ਪ੍ਰਧਾਨ ਨੰਦ ਕਿਸ਼ੋਰ ਨੇ ਰਿਬਿਨ ਕੱਟ ਕੇ ਕੀਤੀ ਲਗਾਤਾਰ 10ਦਿਨ ਰਾਮ ਲੀਲਾ ਦਾ ਮੰਚਨ ਰਾਤ ਨੂੰ 9 ਵਜੇ ਕੀਤਾ ਜਾਵੇਗਾ 10 ਵੇ ਦਿਨ ਦੁਸਹਿਰਾ ਮੇਲਾ ਸਥਾਨਕ ਸਟੇਡੀਅਮ ਵਿੱਚ ਭਰੇਗਾ। ਇਸ ਮੌਕੇ ਪ੍ਰਧਾਨ ਨੰਦ ਕਿਸ਼ੋਰ ਦੇ ਨਾਲ ਸੋਨੂੰ ਭੁੱਗਰਾ, ਸੰਜੀਵ ਸੇਠੀ, ਸਾਬਕਾ ਕੌਂਸਲਰ ਪਰਮਜੀਤ ਪੰਮੀ, ਅਮਰਜੀਤ ਸਿੰਘ ਕਾਲਾ ਤੋਂ ਇਲਾਵਾ ਪ੍ਰਧਾਨ ਸਤਪਾਲ ਸਿੰਘ, ਪੁੰਨੂ ਮਹਿਰਾ, ਤਰਸੇਮ ਸਿੰਘ, ਬਲਵਿੰਦਰ ਜੱਸਲ, ਬਲਵਿੰਦਰ ਪੰਡਿਤ, ਸਤਨਾਮ ਮਾਨ, ਜਗਮੋਹਨ ਮਹਿਰਾ, ਅਭਿਜੀਤ, ਦੀਨਾ ਨਾਥ, ਗਗਨ ਮਹਿਰਾ, ਅਸ਼ੀਸ਼ ਕਲਿਆਨ, ਲੱਖਵੀਰ ਸਿੰਘ, ਪਾਰਸ, ਕੁਲਵੀਰ ਸਿੰਘਤੇ ਹੋਰ ਵੀ ਸੱਜਣ ਮੌਜੂਦ ਸਨ।

ਮਾਨ ਸਰਕਾਰ ਵੱਲੋਂ ਦੁਕਾਨਦਾਰਾਂ ਨੂੰ ਦੀਵਾਲੀ ਦਾ ਤੋਹਫ਼ਾ: ਹਰਜੋਤ ਬੈਂਸ ਨੇ ਦੁਕਾਨਦਾਰਾਂ ਨੂੰ ਮਾਲਕੀ ਹੱਕ ਦੇਣ ਲਈ ‘ਮੇਰੀ ਦੁਕਾਨ, ਮੇਰੇ ਨਾਮ’ ਸਕੀਮ ਦੀ ਕੀਤੀ ਸ਼ੁਰੂਆਤ

➢ 1 ਅਪ੍ਰੈਲ 2020 ਤੋਂ ਪਹਿਲਾਂ 12 ਸਾਲਾਂ ਦੇ ਕਾਨੂੰਨੀ ਕਬਜ਼ੇ ਵਾਲੇ ਦੁਕਾਨਦਾਰ ਕੌਂਸਲ ਅਤੇ ਕਾਰਪੋਰੇਸ਼ਨ ਦਫ਼ਤਰਾਂ ਵਿੱਚ ਅਰਜ਼ੀ ਦੇ ਸਕਦੇ ਹਨ ➢ 6 ਨਵੰਬਰ ਤੱਕ ਲੋਕਲ ਬਾਡੀਜ਼ ਦੇ ਦਫ਼ਤਰਾਂ ਵਿੱਚ ਅਰਜ਼ੀਆਂ ਜਮ੍ਹਾਂ ਕਰਵਾਈਆਂ ਜਾ ਸਕਦੀਆਂ ➢ ਖੇਤਰ ਦੇ ਕੁਲੈਕਟਰ ਰੇਟ ਅਤੇ ਬਿਨੈਕਾਰ ਦੀ ਆਮਦਨ-ਸ਼੍ਰੇਣੀ 'ਤੇ ਅਧਾਰਤ ਰਿਆਇਤੀ ਦਰਾਂ ਹੋਣਗੀਆਂ ਲਾਗੂ

ਚੰਡੀਗੜ੍ਹ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਲੱਖਾਂ ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ ਨੂੰ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ ਤੋਹਫ਼ਾ ਦਿੰਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅੱਜ ਮੇਰੀ ਦੁਕਾਨ, ਮੇਰੇ ਨਾਮ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਕੀਮ ਨਾਲ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਅਧੀਨ 12 ਸਾਲਾਂ ਤੋਂ ਵੱਧ ਸਮੇਂ ਤੋਂ ਕਿਰਾਏ ਜਾਂ ਲੀਜ਼ 'ਤੇ ਕਾਨੂੰਨੀ ਤੌਰ 'ਤੇ ਦੁਕਾਨਾਂ ਚਲਾ ਰਹੇ ਦੁਕਾਨਦਾਰਾਂ ਲਈ ਇਨ੍ਹਾਂ ਦੁਕਾਨਾਂ ਦੇ ਮਾਲਕ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ।

ਅੱਜ ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਇਸ ਸਕੀਮ ਦਾ ਐਲਾਨ ਕਰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਸਕੀਮ ਤਹਿਤ ਯੋਗ ਦੁਕਾਨਦਾਰ ਆਪਣੀਆਂ ਦੁਕਾਨਾਂ ਦੇ ਮਾਲਕੀ ਹੱਕ ਪ੍ਰਾਪਤ ਕਰਨ ਦੇ ਯੋਗ ਬਣ ਜਾਣਗੇ। ਉਨ੍ਹਾਂ ਦੱਸਿਆ ਕਿ 1 ਅਪ੍ਰੈਲ 2020 ਤੋਂ ਪਹਿਲਾਂ ਦੇ 12 ਸਾਲਾਂ ਦੇ ਕਾਨੂੰਨੀ ਕਬਜ਼ੇ ਨੂੰ ਸਾਬਤ ਕਰਨ ਵਾਲਾ ਕੋਈ ਵੀ ਦੁਕਾਨਦਾਰ ਇਸ ਸਕੀਮ ਲਈ ਅਰਜ਼ੀ ਦੇਣ ਦੇ ਯੋਗ ਹੋਵੇਗਾ। ਇਸ ਪਹਿਲਕਦਮੀ ਦਾ ਲਾਭ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਅਧੀਨ ਕੰਮ ਕਰ ਰਹੇ ਉਨ੍ਹਾਂ ਵਪਾਰੀਆਂ ਨੂੰ ਮਿਲੇਗਾ ਜੋ ਬਿਨਾਂ ਮਾਲਕੀ ਹੱਕਾਂ ਦੇ ਕਿਰਾਏ ਜਾਂ ਲੀਜ਼ 'ਤੇ ਦੁਕਾਨਾਂ ਚਲਾ ਰਹੇ ਹਨ।

ਸ. ਬੈਂਸ ਨੇ ਦੱਸਿਆ ਕਿ ਇਸ ਸਬੰਧੀ ਅਰਜ਼ੀਆਂ 6 ਨਵੰਬਰ 2026 ਤੱਕ ਨਗਰ ਕੌਂਸਲ ਅਤੇ ਨਗਰ ਨਿਗਮ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ਅਤੇ ਇਹ ਸਾਰੀ ਪ੍ਰਕਿਰਿਆ ਸਮਾਂ-ਬੱਧ ਹੋਵੇਗੀ। ਅਰਜ਼ੀਆਂ ਦੀ ਪੜਤਾਲ ਐਸ.ਡੀ.ਐਮ. ਪੱਧਰ ਦੀ ਕਮੇਟੀ ਵੱਲੋਂ ਕੀਤੀ ਜਾਵੇਗੀ,

ਜਦਕਿ ਕੀਮਤ ਨਿਰਧਾਰਤ ਕਰਨ ਦਾ ਕੰਮ ਡੀ.ਸੀ. ਪੱਧਰ ਦੀ ਕਮੇਟੀ ਕਰੇਗੀ ਅਤੇ ਸਬੰਧਤ ਸਥਾਨਕ ਸੰਸਥਾਵਾਂ ਵੱਲੋਂ ਮਤਾ ਪਾਸ ਕੀਤਾ ਜਾਵੇਗਾ।

ਕੀਮਤਾਂ ਦੇ ਵਰਗੀਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸ੍ਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ 3 ਲੱਖ ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਬਿਨੈਕਾਰਾਂ ਨੂੰ ਕੁਲੈਕਟਰ ਰੇਟ ਦਾ ਸਿਰਫ਼ 12.5 ਫ਼ੀਸਦ ਭੁਗਤਾਨ ਕਰਨਾ ਪਵੇਗਾ। ਇਸੇ ਤਰ੍ਹਾਂ 3 ਤੋਂ 8 ਲੱਖ ਰੁਪਏ ਦੀ ਆਮਦਨ ਵਾਲੇ ਘੱਟ ਆਮਦਨ ਵਰਗ (ਐਲਆਈਜੀ) ਦੇ ਬਿਨੈਕਾਰ 25 ਫ਼ੀਸਦ, 8 ਤੋਂ 15 ਲੱਖ ਰੁਪਏ ਦੀ ਆਮਦਨ ਵਾਲੇ ਮੱਧਮ ਆਮਦਨ ਵਰਗ (ਐਮਆਈਜੀ) ਦੇ ਬਿਨੈਕਾਰ 50 ਫ਼ੀਸਦ ਅਤੇ 15 ਲੱਖ ਰੁਪਏ ਤੋਂ ਵੱਧ ਆਮਦਨ ਵਾਲੇ ਬਿਨੈਕਾਰ ਕੁਲੈਕਟਰ ਰੇਟ ਦਾ 100 ਫ਼ੀਸਦ ਭੁਗਤਾਨ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਰਿਆਇਤੀ ਦਰਾਂ 50 ਵਰਗ ਮੀਟਰ ਤੋਂ ਘੱਟ ਖੇਤਰਫਲ ਵਾਲੀਆਂ ਦੁਕਾਨਾਂ 'ਤੇ ਲਾਗੂ ਹੋਣਗੀਆਂ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਸਕੀਮ ਵਿੱਚ ਦੋ ਸ਼੍ਰੇਣੀਆਂ ਸ਼ਾਮਲ ਨਹੀਂ ਕੀਤੀਆਂ ਗਈਆਂ ਹਨ। ਇਸ ਸਕੀਮ ਤਹਿਤ ਸਬ-ਟੈਨੇਂਟਾਂ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਪਾਰਕਾਂ, ਗਲੀਆਂ ਜਾਂ ਜਨਤਕ ਸਹੂਲਤਾਂ ਵਾਲੀਆਂ ਥਾਵਾਂ 'ਤੇ ਕਾਬਜ਼ ਲੋਕਾਂ ਨੂੰ ਮਾਲਕੀ ਹੱਕ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਦਸਤਾਵੇਜ਼ੀ ਪ੍ਰਕਿਰਿਆ ਨੂੰ ਆਸਾਨ, ਸੁਚਾਰੂ ਅਤੇ ਨਿਰਵਿਘਨ ਰੱਖਿਆ ਗਿਆ ਹੈ, ਜਿਸ ਤਹਿਤ ਬਿਨੈਕਾਰ ਕੋਈ ਵੀ ਜਾਇਜ਼ ਸਬੂਤ ਜਿਵੇਂ ਕਿ ਜੀਐਸਟੀ ਸਰਟੀਫਿਕੇਟ, ਬਿਜਲੀ ਦਾ ਬਿੱਲ, ਵੋਟਰ ਕਾਰਡ ਆਦਿ ਜਮ੍ਹਾਂ ਕਰਵਾ ਸਕਦੇ ਹਨ।

ਸ. ਬੈਂਸ ਨੇ ਕਿਹਾ, "ਪਿਛਲੀਆਂ ਸਰਕਾਰਾਂ ਨੇ ਵਾਅਦੇ ਤਾਂ ਬਹੁਤ ਕੀਤੇ ਪਰ ਕਦੇ ਪੂਰੇ ਨਹੀਂ ਕੀਤੇ। ਸਾਡੇ ਅਧਿਕਾਰੀਆਂ ਅਤੇ ਕਾਨੂੰਨੀ ਟੀਮ ਨੇ ਇਸ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਲਈ ਮਹੀਨਿਆਂ ਤੱਕ ਦਿਨ-ਰਾਤ ਮਿਹਨਤ ਕੀਤੀ ਹੈ। ਸਾਡੇ ਵਪਾਰੀ ਭਰਾਵਾਂ ਨੂੰ, ਕੋਵਿਡ-19 ਦੌਰਾਨ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਤਿਉਹਾਰੀ ਸੀਜ਼ਨ ਵਿੱਚ, ਅਸੀਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰ ਕੇ ਉਨ੍ਹਾਂ ਨੂੰ ਖੁਸ਼ੀ, ਸੁਰੱਖਿਆ ਅਤੇ ਜਾਇਜ਼ ਮਾਲਕੀ ਦਾ ਤੋਹਫ਼ਾ ਦੇਣਾ ਚਾਹੁੰਦੇ ਹਾਂ।"

ਇਸ ਪਹਿਲ ਨੂੰ ਇਤਿਹਾਸਕ ਕਦਮ ਦੱਸਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, "ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਸਾਡੇ ਵਪਾਰੀ ਭਰਾਵਾਂ ਨੂੰ ਉਨ੍ਹਾਂ ਦੀ ਕਾਨੂੰਨੀ ਮਾਲਕੀ ਮਿਲੇ। ਇਹ ਸਕੀਮ ਵਪਾਰੀ ਭਾਈਚਾਰੇ ਲਈ ਦੀਵਾਲੀ ਦਾ ਤੋਹਫ਼ਾ ਹੈ। ਇਹ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਸੋਚ ਅਤੇ ਭਾਵਨਾ ਦਾ ਪ੍ਰਤੱਖ ਪ੍ਰਮਾਣ ਹੈ, ਜੋ ਛੋਟੇ ਦੁਕਾਨਦਾਰ ਦੇ ਮਾਣ-ਸਤਿਕਾਰ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ।"

ਉਨ੍ਹਾਂ ਅੱਗੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਹਰ ਛੋਟਾ ਦੁਕਾਨਦਾਰ ਆਤਮ-ਵਿਸ਼ਵਾਸ ਅਤੇ ਕਾਨੂੰਨੀ ਸੁਰੱਖਿਆ ਨਾਲ ਆਪਣਾ ਸਿਰ ਉੱਚਾ ਕਰ ਕੇ ਚੱਲੇ। ਇਹ ਮਹਿਜ਼ ਇੱਕ ਨੀਤੀ ਨਹੀਂ ਸਗੋਂ ਇਹ ਭਰੋਸਾ ਹੈ ਕਿ ਇਹ ਸਰਕਾਰ ਤੁਹਾਡੇ ਨਾਲ ਖੜ੍ਹੀ ਹੈ, ਤੁਹਾਡੀ ਪਰਵਾਹ ਕਰਦੀ ਹੈ ਅਤੇ ਕਦੇ ਵੀ ਤੁਹਾਡਾ ਸਾਥ ਨਹੀਂ ਛੱਡੇਗੀ।"

ਮੰਗਤ ਸਿੰਘ ਨੇ ਸੰਭਾਲਿਆ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਵਜੋਂ ਅਹੁਦਾ

ਤਰਨ ਤਾਰਨ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਵਿਭਾਗ ਵੱਲੋਂ ਮੰਗਤ ਸਿੰਘ ਨੂੰ ਸਿੱਖਿਆ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਅਤੇ ਤਜ਼ਰਬੇ ਨੂੰ ਧਿਆਨ ਵਿੱਚ ਰੱਖਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਤਰਨ ਤਾਰਨ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਨਵੀਂ ਨਿਯੁਕਤੀ ਤਹਿਤ ਉਨ੍ਹਾਂ ਨੇ ਡਾਈਟ ਕੈਰੋਂ ਵਿਖੇ ਆਪਣੀਆਂ ਸੇਵਾਵਾਂ ਤੋਂ ਰਿਲੀਵ ਹੋ ਕੇ ਅੱਜ ਜ਼ਿਲ੍ਹਾ ਸਿੱਖਿਆ ਦਫ਼ਤਰ, ਤਰਨ ਤਾਰਨ ਵਿਖੇ ਆਪਣਾ ਅਹੁਦਾ ਸੰਭਾਲ ਲਿਆ।

ਡਾਈਟ ਕੈਰੋਂ ਵਿਖੇ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਪੂਰੀ ਮਿਹਨਤ, ਲਗਨ ਅਤੇ ਸਮਰਪਣ ਨਾਲ ਸੇਵਾਵਾਂ ਨਿਭਾਈਆਂ। ਉਨ੍ਹਾਂ ਦੀ ਅਗਵਾਈ ਹੇਠ ਅਧਿਆਪਕ ਸਿਖਲਾਈ, ਸਕੂਲ ਲੀਡਰਸ਼ਿਪ, ਮਨੁੱਖੀ ਸਰੋਤ ਪ੍ਰਬੰਧਨ, ਪੇਸ਼ੇਵਰ ਵਿਕਾਸ ਅਤੇ ਵੱਖ-ਵੱਖ ਅਕਾਦਮਿਕ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਗਿਆ। ਉਨ੍ਹਾਂ ਨੇ ਡਾਈਟ ਦੀ ਅਕਾਦਮਿਕ ਅਤੇ ਪ੍ਰਸ਼ਾਸਨਿਕ ਕਾਰਗੁਜ਼ਾਰੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ।

ਨਵੀਂ ਨਿਯੁਕਤੀ ਉਪਰੰਤ ਜ਼ਿਲ੍ਹਾ ਸਿੱਖਿਆ ਦਫ਼ਤਰ, ਤਰਨ ਤਾਰਨ ਵਿਖੇ ਮੰਗਤ ਸਿੰਘ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਦਫ਼ਤਰ ਦੇ ਅਧਿਕਾਰੀਆਂ ਅਤੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਹਿੰਦਿਆਂ ਨਵੀਂ ਜ਼ਿੰਮੇਵਾਰੀ ਲਈ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

ਇਸ ਮੌਕੇ ਉਨ੍ਹਾਂ ਸਿੱਖਿਆ ਵਿਭਾਗ ਵੱਲੋਂ ਪ੍ਰਗਟਾਏ ਵਿਸ਼ਵਾਸ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਡਾਈਟ ਕੈਰੋਂ ਵਿਖੇ ਬਿਤਾਇਆ ਕਾਰਜਕਾਲ ਉਨ੍ਹਾਂ ਲਈ ਬੇਹੱਦ ਯਾਦਗਾਰੀ ਅਤੇ ਸਿੱਖਣ ਭਰਪੂਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਵੀਂ ਜ਼ਿੰਮੇਵਾਰੀ ਨੂੰ ਵੀ ਉਹ ਪੂਰੀ ਇਮਾਨਦਾਰੀ, ਤਨਦੇਹੀ ਅ

ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਕਾਮਯਾਬੀ ਦੀ ਜ਼ਮਾਨਤ ਅੰਜੁਮਨ

ਅੰਗਰੇਜ ਸਿੰਘ ਵਿਰਦੀ

ਫ਼ਿਲਮ 'ਚੰਨ ਵਰਿਆਮ', 'ਸ਼ੇਰ ਖਾਨ' ਅਤੇ 'ਸਾਲਾ ਸਾਹਿਬ' ਨੇ ਡਾਇਮੰਡ ਜੁਬਲੀ ਮਨਾਈ ਜੋ ਇਕ ਰਿਕਾਰਡ ਹੈ। ਇਸ ਰਿਕਾਰਡ ਨੂੰ ਅੱਜ ਤਕ ਕੋਈ ਵੀ ਫ਼ਿਲਮ ਅਦਾਕਾਰਾ ਨਹੀਂ ਤੋੜ ਪਾਈ। ਇਨ੍ਹਾਂ ਫ਼ਿਲਮਾਂ ਦੀ ਕਾਮਯਾਬੀ ਨੇ ਅੰਜੁਮਨ ਨੂੰ ਸ਼ੋਹਰਤ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਫ਼ਿਲਮ 'ਸ਼ੇਰ ਖਾਨ' ਲਈ ਅੰਜੁਮਨ ਨੂੰ ਬਿਹਤਰੀਨ ਅਭਿਨੇਤਰੀ ਦਾ ਪਹਿਲਾ ਨਿਗਾਰ ਐਵਾਰਡ ਹਾਸਲ ਹੋਇਆ। ਆਪਣੇ ਫ਼ਿਲਮੀ ਕਰੀਅਰ ਵਿਚ ਅੰਜੁਮਨ ਨੇ ਕੁੱਲ 7 ਬਿਹਤਰੀਨ ਅਭਿਨੇਤਰੀ ਦੇ ਨਿਗਾਰ ਐਵਾਰਡ ਹਾਸਲ ਕੀਤੇ। ਇਨ੍ਹਾਂ ਫ਼ਿਲਮਾਂ ਦੀ ਰਿਕਾਰਡ ਤੋੜ ਸਫਲਤਾ ਤੋਂ ਬਾਅਦ ਉਹ ਪੰਜਾਬੀ ਫ਼ਿਲਮਾਂ ਦੀਆਂ ਚੋਟੀ ਦੀਆਂ ਅਦਾਕਾਰਾਵਾਂ ਵਿਚ ਸ਼ਾਮਲ ਹੋ ਗਈ। ਪੰਜਾਬੀ ਫ਼ਿਲਮਾਂ ਦੀ ਦੂਸਰੀ ਵੱਡੀ ਅਦਾਕਾਰਾ ਆਸੀਆ ਬੇਗਮ ਨੇ ਵਿਆਹ ਤੋਂ ਬਾਅਦ ਫ਼ਿਲਮ ਇੰਡਸਟਰੀ ਛੱਡਣ ਦਾ ਐਲਾਨ ਕਰ ਦਿੱਤਾ ਸੀ। ਉਸ ਸਮੇਂ ਅੰਜੁਮਨ ਪੰਜਾਬੀ ਫ਼ਿਲਮਾਂ ਦੀ ਸਭ ਤੋਂ ਵੱਡੀ ਅਦਾਕਾਰਾ ਬਣ ਕੇ ਉੱਭਰੀ।

ਅਦਾਕਾਰਾ ਅੰਜੁਮਨ ਨੂੰ ਪਾਕਿਸਤਾਨੀ ਪੰਜਾਬੀ ਸਿਨਮਾ ਦੀ ਸਭ ਤੋਂ ਵੱਡੀ ਹੀਰੋਇਨ ਹੋਣ ਦਾ ਐਜਾਜ਼ ਹਾਸਲ ਹੈ। ਲਗਭਗ ਵੀਹ ਸਾਲ ਪੰਜਾਬੀ ਫ਼ਿਲਮ ਇੰਡਸਟਰੀ 'ਤੇ ਰਾਜ ਕਰਨ ਵਾਲੀ ਅਦਾਕਾਰਾ ਅੰਜੁਮਨ ਨੇ ਬੇਸ਼ੁਮਾਰ ਹਿੱਟ ਫ਼ਿਲਮਾਂ ਪੰਜਾਬੀ ਸਿਨਮਾ ਦੀ ਝੋਲੀ ਪਾਈਆਂ। ਪੰਜਾਬੀ ਫ਼ਿਲਮਾਂ ਵਿਚ ਆਪਣੇ ਬਿਹਤਰੀਨ ਡਾਂਸ ਅਤੇ ਬਿਹਤਰਦਸਤ ਐਕਸ਼ਨ ਲਈ ਜਾਣੀ ਜਾਣ ਵਾਲੀ ਅੰਜੁਮਨ ਨੂੰ ਬੇਸ਼ੱਕ ਫ਼ਿਲਮ ਨਗਰੀ ਛੱਡਿਆਂ ਕਈ ਸਾਲ ਬੀਤ ਚੁੱਕੇ ਹਨ, ਪਰ ਅੱਜ ਵੀ ਉਸਨੂੰ ਚਾਹੁਣ ਵਾਲਿਆਂ ਦੀ ਗਿਣਤੀ ਕਈ ਲੱਖਾਂ ਵਿਚ ਹੈ। ਦਰਅਸਲ, ਅੰਜੁਮਨ ਪੰਜਾਬੀ ਫ਼ਿਲਮਾਂ ਦੀ ਅਜਿਹੀ ਅਦਾਕਾਰਾ ਹੈ ਜਿਸਦੀ ਦਿੱਖ ਵਿਚ ਪੰਜਾਬੀਅਤ ਝਲਕਦੀ ਹੈ, ਜਿਸ ਦੀ ਅਦਾਕਾਰੀ ਤੇ ਡਾਂਸ ਬਾਕਮਾਲ ਹੁੰਦੇ ਸਨ। ਪੰਜਾਬ ਦੇ ਰਵਾਇਤੀ ਲੋਕ ਨਾਚਾਂ ਨੂੰ ਲੈ ਕੇ ਭਾਰਤੀ ਲੋਕ ਨਾਚ ਕੱਥਕ, ਭਰਤ ਨਾਟਿਅਮ ਅਤੇ ਪੱਛਮੀ ਨਾਚਾਂ ਨੂੰ ਆਪਣੇ ਖਾਸ ਅੰਦਾਜ਼ ਵਿਚ ਪੇਸ਼ ਕਰਨ ਦੀ ਕਲਾ ਨੇ ਅੰਜੁਮਨ ਨੂੰ ਖ਼ਾਸ ਬਣਾਉਂਦੀ ਸੀ। ਉਸਦਾ ਜਨਮ 24 ਜੁਲਾਈ 1955 ਨੂੰ ਜਹਿੰਦੇ ਪੰਜਾਬ ਦੇ ਮਸ਼ਹੂਰ ਸ਼ਹਿਰ ਬਹਾਵਲਪੁਰ ਵਿਖੇ ਸਾਧਾਰਨ ਪਰਿਵਾਰ ਵਿਚ ਹੋਇਆ। ਉਸਦੀ ਪੈਦਾਇਸ਼ ਤੋਂ ਥੋੜ੍ਹੇ ਸਮੇਂ ਬਾਅਦ ਹੀ ਉਸਦਾ ਪਰਿਵਾਰ ਮੁਲਤਾਨ ਆ ਵੱਸਿਆ। ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਰੱਖਣ ਵਾਲੀ ਅੰਜੁਮਨ ਦੇ ਪਰਿਵਾਰ ਦਾ ਭਾਵੇਂ ਕੋਈ ਵੀ ਜੀਅ ਸਿੱਧੇ ਤੌਰ 'ਤੇ ਫ਼ਿਲਮ ਇੰਡਸਟਰੀ ਨਾਲ ਨਹੀਂ ਜੁੜਿਆ ਸੀ, ਪਰ ਫ਼ਿਲਮਸਟਾਰ ਜੋੜੀ ਅਦਾਕਾਰ ਮੁਹੰਮਦ ਅਲੀ ਅਤੇ ਉਨ੍ਹਾਂ ਦੀ ਬੇਗ਼ਮ ਅਦਾਕਾਰਾ ਜੇਬਾ ਦਾ ਅੰਜੁਮਨ ਦੇ ਪਰਿਵਾਰ ਨਾਲ ਕਰੀਬੀ ਰਿਸ਼ਤਾ ਸੀ। ਇਸੇ ਕਰਕੇ ਅੰਜੁਮਨ ਦਾ ਮੁਹੰਮਦ ਅਲੀ ਦੇ ਘਰ ਆਉਣਾ ਜਾਣਾ ਸੀ। ਇੱਥੇ ਹੀ ਮਸ਼ਹੂਰ ਫ਼ਿਲਮਸਾਜ਼ ਅਤੇ ਹਦਾਇਤਕਾਰ ਸ਼ਬਾਬ ਕੈਰਾਣਵੀ ਜੋ ਉਨ੍ਹਾਂ ਦਿਨਾਂ ਵਿਚ ਆਪਣੀ ਉਰਦੂ ਫ਼ਿਲਮ ਵਿਚ ਹੀਰੋਇਨ ਦੇ ਰੋਲ ਲਈ ਖ਼ੂਬਸੂਰਤ ਲੜਕੀ ਦੀ ਤਲਾਸ਼ ਵਿਚ ਸੀ, ਦੀ ਨਜ਼ਰ ਅੰਜੁਮਨ 'ਤੇ ਪਈ। ਮੁਹੰਮਦ ਅਲੀ ਅਤੇ ਜੇਬਾ ਦੀ ਹੱਲਾਸ਼ੇਰੀ ਤੇ ਪਰਿਵਾਰ ਦੀ ਇਜਾਜ਼ਤ ਤੋਂ ਬਾਅਦ ਅੰਜੁਮਨ ਨੂੰ ਉਰਦੂ ਫ਼ਿਲਮ 'ਵਾਅਦੇ ਕੀ ਜ਼ੰਜੀਰ' ਲਈ ਸਾਈਨ ਕਰ ਲਿਆ ਗਿਆ। 2 ਫਰਵਰੀ 1979 ਨੂੰ ਰਿਲੀਜ਼ ਹੋਈ ਇਸ ਫ਼ਿਲਮ ਨੇ ਸ਼ਾਨਦਾਰ ਸਫਲਤਾ ਹਾਸਲ ਕੀਤੀ। ਇਸ ਫ਼ਿਲਮ ਦੀ ਸਫਲਤਾ ਨਾਲ ਅੰਜੁਮਨ ਦੇ ਫ਼ਿਲਮੀ ਕਰੀਅਰ ਦਾ ਸ਼ਾਨਦਾਰ ਆਗਾਜ਼ ਹੋਇਆ ਤੇ ਉਸਨੂੰ ਬਹੁਤ ਸਾਰੀਆਂ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਹੋਣ ਲੱਗੀਆਂ। 25 ਮਈ 1979 ਵਿਚ ਉਸਦੀ ਦੂਸਰੀ ਫ਼ਿਲਮ 'ਦੋ ਰਾਸਤੇ' ਰਿਲੀਜ਼ ਹੋਈ। ਇਸ ਫ਼ਿਲਮ ਦੇ ਹਦਾਇਤਕਾਰ ਵੀ ਸ਼ਬਾਬ ਕੈਰਾਣਵੀ ਹੀ ਸਨ ਤੇ ਇਸ ਫ਼ਿਲਮ ਵਿਚ ਅੰਜੁਮਨ ਨੂੰ ਅਦਾਕਾਰ ਨਦੀਮ, ਸ਼ਾਹਿਦ ਅਤੇ ਅਦਾਕਾਰਾ ਮੁਮਤਾਜ਼ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਇਸ ਫ਼ਿਲਮ ਨੂੰ ਵੀ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਤੀਜੀ ਉਰਦੂ ਫ਼ਿਲਮ 'ਆਪ ਸੇ ਕਿਆ ਪਰਦਾ' 7 ਦਸੰਬਰ 1979 ਨੂੰ ਰਿਲੀਜ਼ ਹੋਈ। ਹਦਾਇਤਕਾਰ ਜ਼ਫ਼ਰ ਸ਼ਬਾਬ ਦੀ ਫ਼ਿਲਮ ਅਤੇ ਸੁਪਰਸਟਾਰ ਮੁਹੰਮਦ ਅਲੀ, ਅਲੀ ਐਜਾਜ਼ ਅਤੇ ਰੰਗੀਲਾ ਜਿਹੇ ਦਿੱਗਜ ਅਦਾਕਾਰਾਂ ਨਾਲ ਸਜੀ ਇਸ ਫ਼ਿਲਮ ਨੇ ਗੋਲਡਨ ਜੁਬਲੀ ਮਨਾਈ। ਇਸ ਫ਼ਿਲਮ ਤੋਂ ਬਾਅਦ ਅੰਜੁਮਨ ਦੀ ਚੌਥੀ ਉਰਦੂ ਫ਼ਿਲਮ 'ਰਿਸ਼ਤਾ' ਵੀ ਸੁਪਰਹਿੱਟ ਫ਼ਿਲਮ ਸਾਬਤ ਹੋਈ। ਇਨ੍ਹਾਂ ਫ਼ਿਲਮਾਂ ਦੀ ਕਾਮਯਾਬੀ ਨਾਲ ਅੰਜੁਮਨ ਦਾ ਫ਼ਿਲਮੀ ਕਰੀਅਰ ਉਚਾਈਆਂ ਵੱਲ ਜਾਣ ਲੱਗਾ। ਜਿਸ ਦੌਰ ਵਿਚ ਅੰਜੁਮਨ ਨੇ ਫ਼ਿਲਮੀ ਦੁਨੀਆਂ ਵਿਚ ਕਦਮ ਰੱਖਿਆ, ਉਹ ਦੌਰ ਪਾਕਿਸਤਾਨੀ ਫ਼ਿਲਮ ਇੰਡਸਟਰੀ ਦਾ ਸੁਨਹਿਰੀ ਦੌਰ ਸੀ। ਇਹ ਉਹ ਦੌਰ ਸੀ ਜਦੋਂ ਲਾਹੌਰ ਫ਼ਿਲਮ ਇੰਡਸਟਰੀ ਵਿਚ ਪੰਜਾਬੀ ਫ਼ਿਲਮਾਂ ਦਾ ਬੋਲਬਾਲਾ ਸੀ, ਉਰਦੂ ਫ਼ਿਲਮਾਂ ਨਾਲੋਂ ਪੰਜਾਬੀ ਫ਼ਿਲਮਾਂ ਜ਼ਿਆਦਾ ਬਣਦੀਆਂ ਸਨ ਅਤੇ ਲੋਕ ਉਨ੍ਹਾਂ ਨੂੰ ਪਸੰਦ ਵੀ ਜ਼ਿਆਦਾ ਕਰਦੇ ਸਨ। ਸੁਲਤਾਨ ਰਾਹੀ ਅਤੇ ਆਸੀਆ ਬੇਗ਼ਮ ਦੀ ਹਿੱਟ ਜੋੜੀ ਰਿਕਾਰਡ ਤੋੜ ਫ਼ਿਲਮਾਂ ਦੇ ਰਹੀ ਸੀ। ਉਸ ਵਕਤ ਅੰਜੁਮਨ ਨੂੰ ਉਨ੍ਹਾਂ ਦੀ ਪਹਿਲੀ ਪੰਜਾਬੀ ਫ਼ਿਲਮ 'ਸਰਦਾਰ' ਵਿਚ ਅਦਾਕਾਰ ਯੂਸਿਫ਼ ਖ਼ਾਨ ਅਤੇ ਆਸੀਆ ਨਾਲ ਸਹਾਇਕ ਅਭਿਨੇਤਰੀ ਦੇ ਤੌਰ 'ਤੇ ਕਾਸਟ ਕੀਤਾ ਗਿਆ। 13 ਅਗਸਤ 1980 ਨੂੰ ਰਿਲੀਜ਼ ਹੋਈ ਨਿਰਦੇਸ਼ਕ ਇਕਬਾਲ ਕਸ਼ਮੀਰੀ ਦੀ ਇਸ ਫ਼ਿਲਮ ਵਿਚ ਅੰਜੁਮਨ ਨੇ ਅੰਨ੍ਹੀ ਲੜਕੀ ਦਾ ਬਿਹਤਰੀਨ ਕਿਰਦਾਰ ਅਦਾ ਕੀਤਾ। ਇਹ ਫ਼ਿਲਮ ਬੇਹੱਦ ਕਾਮਯਾਬ ਹੋਈ। ਇਸ ਫ਼ਿਲਮ ਵਿਚ ਅੰਜੁਮਨ ਤੇ ਫ਼ਿਲਮਾਇਆ ਮਹਿਨਾਜ਼ ਦੀ ਆਵਾਜ਼ ਵਿਚ ਗੀਤ 'ਤੇਰਾ ਪਿਆਰ ਇਬਾਦਤ ਮੇਰੀ ਏ' ਬੇਹੱਦ ਮਕਬੂਲ ਹੋਇਆ। ਫਿਰ ਅੰਜੁਮਨ ਦੀ ਜ਼ਿੰਦਗੀ ਵਿਚ ਉਹ ਦਿਨ ਆਇਆ ਜਿਸ ਦਾ ਸ਼ਾਇਦ ਅੰਜੁਮਨ ਨੇ ਵੀ ਤਸਵੁੱਰ ਨਹੀਂ ਕੀਤਾ ਹੋਣਾ। 2 ਅਗਸਤ 1981 ਪਾਕਿਸਤਾਨ ਦੀ ਫ਼ਿਲਮੀ ਤਾਰੀਖ਼ ਦਾ ਸਭ ਤੋਂ ਸੁਨਹਿਰੀ ਦਿਨ ਸਾਬਤ ਹੋਇਆ। ਇਸ ਦਿਨ ਫ਼ਿਲਮੀ ਕਾਰੋਬਾਰ ਆਪਣੀਆਂ ਬੁਲੰਦੀਆਂ 'ਤੇ ਸੀ। ਇਕ ਹੀ ਦਿਨ ਰਿਲੀਜ਼ ਹੋਈਆਂ ਸਾਰੀਆਂ ਫ਼ਿਲਮਾਂ ਨੇ ਕਈ ਰਿਕਾਰਡ ਕਾਇਮ ਕੀਤੇ। ਇਸ ਦਿਨ ਅੰਜੁਮਨ ਦੀਆਂ 5 ਫ਼ਿਲਮਾਂ ਰਿਲੀਜ਼ ਹੋਈਆਂ 'ਚੰਨ ਵਰਿਆਮ', 'ਸ਼ੇਰ ਖਾਨ', 'ਸਾਲਾ ਸਾਹਿਬ', 'ਮਿਲੇਗਾ ਜੁਲਮ ਦਾ ਬਦਲਾ' ਅਤੇ 'ਚਾਚਾ ਭਤੀਜਾ'। ਇਨ੍ਹਾਂ ਪੰਜੇ ਫ਼ਿਲਮਾਂ ਨੇ ਰਿਕਾਰਡ ਤੋੜ ਕਾਮਯਾਬੀ ਹਾਸਲ ਕੀਤੀ। ਫ਼ਿਲਮ 'ਚੰਨ ਵਰਿਆਮ', 'ਸ਼ੇਰ ਖਾਨ' ਅਤੇ 'ਸਾਲਾ ਸਾਹਿਬ' ਨੇ ਡਾਇਮੰਡ ਜੁਬਲੀ ਮਨਾਈ ਜੋ ਇਕ ਰਿਕਾਰਡ ਹੈ। ਇਸ ਰਿਕਾਰਡ ਨੂੰ ਅੱਜ ਤਕ ਕੋਈ ਵੀ ਫ਼ਿਲਮ ਅਦਾਕਾਰਾ ਨਹੀਂ ਤੋੜ ਪਾਈ। ਇਨ੍ਹਾਂ ਫ਼ਿਲਮਾਂ ਦੀ ਕਾਮਯਾਬੀ ਨੇ ਅੰਜੁਮਨ ਨੂੰ ਸ਼ੋਹਰਤ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਫ਼ਿਲਮ 'ਸ਼ੇਰ ਖਾਨ' ਲਈ ਅੰਜੁਮਨ ਨੂੰ ਬਿਹਤਰੀਨ ਅਭਿਨੇਤਰੀ ਦਾ ਪਹਿਲਾ ਨਿਗਾਰ ਐਵਾਰਡ ਹਾਸਲ ਹੋਇਆ। ਆਪਣੇ ਫ਼ਿਲਮੀ ਕਰੀਅਰ ਵਿਚ ਅੰਜੁਮਨ ਨੇ ਕੁੱਲ 7 ਬਿਹਤਰੀਨ ਅਭਿਨੇਤਰੀ ਦੇ ਨਿਗਾਰ ਐਵਾਰਡ ਹਾਸਲ ਕੀਤੇ। ਇਨ੍ਹਾਂ ਫ਼ਿਲਮਾਂ ਦੀ ਰਿਕਾਰਡ ਤੋੜ ਸਫਲਤਾ ਤੋਂ ਬਾਅਦ ਉਹ ਪੰਜਾਬੀ ਫ਼ਿਲਮਾਂ ਦੀਆਂ ਚੋਟੀ ਦੀਆਂ ਅਦਾਕਾਰਾਵਾਂ ਵਿਚ ਸ਼ਾਮਲ ਹੋ ਗਈ। ਪੰਜਾਬੀ ਫ਼ਿਲਮਾਂ ਦੀ ਦੂਸਰੀ ਵੱਡੀ ਅਦਾਕਾਰਾ ਆਸੀਆ ਬੇਗ਼ਮ ਨੇ ਵਿਆਹ ਤੋਂ ਬਾਅਦ ਫ਼ਿਲਮ ਇੰਡਸਟਰੀ ਛੱਡਣ ਦਾ ਐਲਾਨ ਕਰ ਦਿੱਤਾ ਸੀ। ਉਸ ਸਮੇਂ ਅੰਜੁਮਨ ਪੰਜਾਬੀ ਫ਼ਿਲਮਾਂ ਦੀ ਸਭ ਤੋਂ ਵੱਡੀ ਅਦਾਕਾਰਾ ਬਣ ਕੇ ਉੱਭਰੀ। ਇਕ ਸਮਾਂ ਅਜਿਹਾ ਆਇਆ ਕਿ ਸੁਪਰਸਟਾਰ ਸੁਲਤਾਨ ਰਾਹੀ ਤੇ ਅੰਜੁਮਨ ਦੀ ਜੋੜੀ ਤੇ ਨਾਲ ਹੀ ਅਦਾਕਾਰ ਮੁਸਤਫਾ ਕੁਰੈਸ਼ੀ, ਸੰਗੀਤਕਾਰ ਵਜਾਹਤ ਅਤਰੀ ਦਾ ਸੰਗੀਤ ਅਤੇ ਨੂਰਜਹਾਂ ਦੇ ਗਾਏ ਗੀਤ ਪੰਜਾਬੀ ਫ਼ਿਲਮਾਂ ਦੀ ਕਾਮਯਾਬੀ ਦੀ ਗਰੰਟੀ ਸਮਝੇ ਜਾਣ ਲੱਗੇ। ਆਪਣੇ 20 ਸਾਲ ਦੇ ਫ਼ਿਲਮੀ ਕਰੀਅਰ ਵਿਚ ਅੰਜੁਮਨ ਨੇ ਫ਼ਿਲਮਾਂ ਵਿਚ ਹਰ ਤਰ੍ਹਾਂ ਦੇ ਰੋਲ ਨਿਭਾਏ। 1981 ਤੋਂ ਲੈ ਕੇ 1995 ਤਕ ਉਸਨੇ ਪੰਜਾਬੀ ਸਿਨਮਾ ਨੂੰ ਬੇਸ਼ੁਮਾਰ ਹਿੱਟ ਫ਼ਿਲਮਾਂ ਦਿੱਤੀਆਂ ਜਿਨ੍ਹਾਂ ਵਿਚ 'ਸ਼ੇਰ ਮੈਦਾਨ ਦਾ', 'ਵਰਿਆਮ', 'ਜੀਦਾਰ', 'ਦੋ ਬੀਘਾ ਜ਼ਮੀਨ', 'ਲਾਵਾਰਿਸ', 'ਰੁਸਤਮ ਤੇ ਖਾਨ', 'ਦਾਰਾ ਬਲੋਚ', 'ਦੋ ਸਤਾਨਾ', 'ਸ਼ੋਅਲੇ', 'ਕਿਸਮਤ', 'ਜੱਗਾ', 'ਮਹਿੰਦੀ', 'ਮੇਲਾ', 'ਲਾਲ ਤੂਫ਼ਾਨ', 'ਦੁੱਲਾ ਭੱਟੀ', 'ਕੀਮਤ', 'ਦੁਲਾਰੀ', 'ਸੁਪਰ ਗਰਲ' ਅਤੇ 'ਕਾਲਕਾ' ਆਦਿ ਹਨ। ਆਪਣੇ ਫ਼ਿਲਮੀ ਕਰੀਅਰ ਵਿਚ ਉਸਨੇ ਲਗਭਗ 300 ਤੋਂ ਵੱਧ ਫ਼ਿਲਮਾਂ ਕੀਤੀਆਂ ਜਿਸ ਵਿਚ ਸੁਲਤਾਨ ਰਾਹੀ ਨਾਲ ਰਿਕਾਰਡ 117 ਫ਼ਿਲਮਾਂ ਵਿਚ ਕੰਮ ਕੀਤਾ। 1995 ਵਿਚ ਆਈ ਫ਼ਿਲਮ 'ਮੈਡਮ ਰਾਣੀ' ਅੰਜੁਮਨ ਤੇ ਸੁਲਤਾਨ ਰਾਹੀ ਦੀ ਜੋੜੀ ਦੀ ਆਖਰੀ ਫ਼ਿਲਮ ਸਾਬਤ ਹੋਈ। 9 ਜਨਵਰੀ 1996 ਨੂੰ ਸੁਲਤਾਨ ਰਾਹੀ ਦਾ ਕਿਸੇ ਨੇ ਕਤਲ ਕਰ ਦਿੱਤਾ। ਸੁਲਤਾਨ ਰਾਹੀ ਦੇ ਜਾਣ ਤੋਂ ਬਾਅਦ ਫ਼ਿਲਮਾਂ ਬਣਨੀਆਂ ਲਗਭਗ ਬੰਦ ਹੋ ਗਈਆਂ। ਅੰਜੁਮਨ ਨੇ ਵੀ ਫ਼ਿਲਮਾਂ ਤੋਂ ਕਿਨਾਰਾ ਕਰ ਲਿਆ। 1998 ਵਿਚ ਨਿਰਦੇਸ਼ਕ ਸਈਅਦ ਨੂਰ ਦੀ ਹਿੱਟ ਫ਼ਿਲਮ 'ਚੂੜੀਆਂ' ਨਾਲ ਦੁਬਾਰਾ ਪੰਜਾਬੀ ਫ਼ਿਲਮਾਂ ਬਣਨੀਆਂ ਸ਼ੁਰੂ ਹੋਈਆਂ। 1999 ਵਿਚ ਅੰਜੁਮਨ ਨੇ ਦੁਬਾਰਾ ਫ਼ਿਲਮਾਂ ਵਿਚ ਵਾਪਸੀ ਕੀਤੀ ਫ਼ਿਲਮ 'ਚੌਧਰਾਣੀ' ਨਾਲ ਜੋ ਹਿੱਟ ਫ਼ਿਲਮ ਸਾਬਤ ਹੋਈ। 2000 ਵਿਚ ਉਸਨੇ ਚਾਰ ਫ਼ਿਲਮਾਂ ਕੀਤੀਆਂ। ਇਸਤੋਂ ਬਾਅਦ ਅੰਜੁਮਨ ਨੇ ਫ਼ਿਲਮਾਂ ਕਰਨੀਆ ਬੰਦ ਕਰਕੇ ਫ਼ਿਲਮ ਇੰਡਸਟਰੀ ਨੂੰ ਅਲਵਿਦਾ ਆਖ ਦਿੱਤਾ। 1987 ਵਿਚ ਆਪਣੇ ਫ਼ਿਲਮੀ ਕਰੀਅਰ ਦੇ ਸਿਖਰ 'ਤੇ ਪਹੁੰਚ ਕੇ ਅੰਜੁਮਨ ਨੇ ਇਨਕਮ ਟੈਕਸ ਕਮਿਸ਼ਨਰ ਮੂਬੀਨ ਮਲਿਕ ਨਾਲ ਵਿਆਹ ਕਰ ਲਿਆ ਤੇ ਇਨ੍ਹਾਂ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ ਦੋ ਬੇਟੇ ਅਦਨਾਨ ਤੇ ਇਸ਼ਾਨ ਅਤੇ ਇਕ ਬੇਟੀ ਜੀਸ਼ਾਨ। 2013 ਵਿਚ ਅੰਜੁਮਨ ਦੇ ਸ਼ੌਹਰ ਦਾ ਕਿਸੇ ਨੇ ਲਾਹੌਰ ਵਿਚ ਕਤਲ ਕਰ ਦਿੱਤਾ।

ਅੰਜੁਮਨ ਦੇ ਬੱਚੇ ਵਿਆਹ ਤੋਂ ਬਾਅਦ ਲੰਡਨ ਸ਼ਿਫਟ ਹੋ ਗਏ। ਫਿਰ ਅੰਜੁਮਨ ਨੇ ਲਾਹੌਰ ਫ਼ਿਲਮੀ ਕਾਰੋਬਾਰੀ ਹਸਤੀ ਵਸੀਮ ਅਲੀ ਉਰਫ਼ ਲੱਕੀ ਅਲੀ ਨਾਲ 17 ਜੂਨ 2019 ਵਿਚ ਦੁਬਾਰਾ ਵਿਆਹ ਕਰ ਲਿਆ, ਪਰ ਬਦਕਿਸਮਤੀ ਨਾਲ ਇਹ ਰਿਸ਼ਤਾ ਜ਼ਿਆਦਾ ਦੇਰ ਨਾ ਚੱਲ ਸਕਿਆ ਤੇ 15 ਅਪਰੈਲ 2020 ਨੂੰ ਉਨ੍ਹਾਂ ਦਾ ਤਲਾਕ ਹੋ ਗਿਆ।

ਸੰਪਰਕ : 94646-28855

ਚਮਕ ਨਹੀਂ ਸਕੇ ਸਦਾਬਹਾਰ ਬੱਚੇ



ਅਦਾਕਾਰੀ ਵਿਚ ਨਿੱਤ ਨਵੇਂ ਪ੍ਰਯੋਗ ਕਰਨ ਵਾਲੇ ਕਲਾਕਾਰਾਂ ਦੀ ਆਮਦ ਹੋ ਰਹੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਸਾਰੇ ਨਵੇਂ ਕਲਾਕਾਰ ਜਿਵੇਂ ਸੋਨਾਕਸ਼ੀ ਸਿਨ੍ਹਾ, ਸੋਨਮ ਕਪੂਰ, ਆਲੀਆ ਭੱਟ, ਰਣਬੀਰ ਕਪੂਰ ਆਦਿ ਨੇ ਆਪਣੇ ਕਰੀਅਰ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਹੈ ਅਤੇ ਫ਼ਿਲਮ ਨਗਰੀ ਵਿਚ ਆਪਣੀ ਹਾਜ਼ਰੀ ਲੁਆਉਣ 'ਚ ਵੀ ਸਫਲ ਰਹੇ ਹਨ ਪਰ ਹਰ ਕੋਈ ਇਨ੍ਹਾਂ ਵਾਂਗ ਖੁਸ਼ਕਿਸਮਤ ਨਹੀਂ ਹੁੰਦਾ। ਬਹੁਤ ਸਾਰੇ ਕਲਾਕਾਰ ਅਜਿਹੇ ਵੀ ਆਏ ਜਾਂ ਕਹਿ ਲਈਏ ਕਿ ਆ ਕੇ ਚਲੇ ਗਏ ਹਨ, ਜਿਨ੍ਹਾਂ ਦਾ ਪਤਾ ਹੀ ਨਹੀਂ ਲੱਗਾ। ਕਈ ਕੁਝ ਹੱਦ ਤੱਕ ਸਫਲ ਵੀ ਰਹੇ ਪਰ ਬਹੁਤੇ ਹਿੱਟ ਨਹੀਂ ਹੋ ਸਕੇ। ਅੱਜ ਅਜਿਹੇ ਉਨ੍ਹਾਂ ਹੀ ਕਲਾਕਾਰਾਂ ਦਾ ਜ਼ਿਕਰ ਕਰਾਂਗੇ, ਜੋ ਪਤਾ ਨਹੀਂ ਕਹਿੜੇ ਵੇਲੇ ਬਾਲੀਵੁੱਡ ਦੇ ਬੂਹੇ 'ਤੇ ਦਸਤਕ ਦੇ ਕੇ ਮੁੜ ਗਏ।

ਫ਼ਰਦੀਨ ਖਾਨ

ਫ਼ਰਦੀਨ ਖਾਨ ਵੀ ਖਾਨਦਾਨੀ ਫ਼ਨਕਾਰ ਹੋਣ ਦੇ ਬਾਵਜੂਦ ਉਹ ਕਮਾਲ ਨਹੀਂ ਦਿਖਾ ਸਕਿਆ, ਜੋ ਕਿਸੇ ਵੇਲੇ ਉਸ ਦੇ ਪਿਤਾ ਫਿਰੋਜ਼ ਖਾਨ ਅਤੇ ਚਾਚੇ ਸੰਜੇ ਖਾਨ ਨੇ ਦਿਖਾਇਆ ਸੀ। ਜ਼ਾਏਦ ਖਾਨ ਵਾਂਗ ਫਰਦੀਨ ਵੀ ਇਸ ਗੱਲ ਦਾ ਅਪਵਾਦ ਨਹੀਂ ਹੈ ਕਿ ਜੋ ਮੰਗ ਫ਼ਿਲਮਾਂ ਵਿਚ ਉਨ੍ਹਾਂ ਦੇ ਵੱਡਿਆਂ ਦੀ ਸੀ, ਉਹ ਉਨ੍ਹਾਂ ਦੀ ਬਿਲਕੁਲ ਨਹੀਂ ਹੈ। ਸ਼ਕਲ-ਸੂਰਤ ਪੱਖੋਂ ਸਵੀਟ ਲੁੱਕ ਵਾਲਾ 39 ਸਾਲਾ ਫਰਦੀਨ ਹੁਣ ਫ਼ਿਲਮਾਂ ਵਿਚ ਨਜ਼ਰ ਨਹੀਂ ਆਉਂਦਾ। 1998 'ਚ ਫ਼ਿਲਮ 'ਪ੍ਰੇਮ ਅਗਨ' ਨਾਲ ਕਰੀਅਰ ਸ਼ੁਰੂ ਕਰਨ ਪਿੱਛੋਂ ਉਸ ਨੇ 'ਜੰਗਲ', 'ਲਵ ਕੇ ਲੀਏ ਕੁਛ ਭੀ ਕਰੇਗਾ', 'ਕੁਛ ਤੁਮ ਕਹੋ ਕੁਛ ਹਮ', 'ਪਿਆਰ ਤੂਨੇ ਕਿਆ ਕੀਆ', 'ਓਮ ਜੈ ਜਗਦੀਸ਼' ਅਤੇ 'ਹੇ ਬੇਬੀ' ਸਮੇਤ ਦੋ ਦਰਜਨ ਤੋਂ ਵੀ ਵਧੇਰੇ ਫ਼ਿਲਮਾਂ ਕਰਨ ਵਾਲੇ ਫਰਦੀਨ ਨੂੰ ਫ਼ਿਲਮ ਇੰਡਸਟਰੀ ਵਿਚ ਕੋਈ ਖਾਸ ਮੁਕਾਮ ਨਹੀਂ ਮਿਲ ਸਕਿਆ, ਜੋ ਉਸ ਦੇ ਕਈ ਸਮਕਾਲੀ ਕਲਾਕਾਰਾਂ ਨੂੰ ਮਿਲਿਆ ਹੈ।

ਜ਼ਾਏਦ ਖਾਨ

33 ਸਾਲਾ ਉੱਚੇ-ਲੰਮੇ ਜ਼ਾਏਦ ਖਾਨ ਨੇ ਫ਼ਿਲਮੀ ਕਰੀਅਰ ਵਿਚ ਬਹੁਤੀ ਸਫਲਤਾ ਨਾ ਮਿਲਦੀ ਦੇਖ ਕੇ ਹੁਣ ਨਿਰਮਾਣ ਵੱਲ ਰੁਖ਼ ਕਰ ਲਿਆ ਹੈ। ਜ਼ਾਏਦ ਦੀਆਂ ਰਗਾਂ 'ਚ ਵੀ ਖਾਨਦਾਨੀ ਅ

ਸੰਪਾਦਕੀ

ਜੀ ਐੱਸ ਟੀ (ਵਸਤੂ ਤੇ ਸੇਵਾ ਕਰ) ਵਿੱਚ ਕੀਤੇ ਅਗਲੀ ਪੀੜ੍ਹੀ ਦੇ ਸੁਧਾਰੋਂ

ਕੇਂਦਰ ਦੀ ਐੱਨਡੀਏ ਸਰਕਾਰ ਦੇ ਜੀ ਐੱਸ ਟੀ (ਵਸਤੂ ਤੇ ਸੇਵਾ ਕਰ) ਵਿੱਚ ਕੀਤੇ ਅਗਲੀ ਪੀੜ੍ਹੀ ਦੇ ਸੁਧਾਰੋਂ ਲਾਗੂ ਹੋ ਗਏ ਹਨ। ਥੋੜ੍ਹੀ ਮਿਆਦ ਲਈ ਇਸ ਦਾ ਉਦੇਸ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਥੋਪੇ ਗਏ ਟੈਕਸਾਂ ਦੇ ਪ੍ਰਭਾਵ ਨੂੰ ਘੱਟ ਕਰਨਾ ਹੈ, ਜੋ ਭਾਰਤੀ ਬਰਾਮਦਕਾਰਾਂ ਦਾ ਨੁਕਸਾਨ ਕਰ ਰਹੇ ਹਨ। ਜੀ ਐੱਸ ਟੀ 2.0 ਤਹਿਤ ਸਵਦੇਸ਼ੀ ਉਤਪਾਦਾਂ ਦੀ ਖਰੀਦੋ-ਫਰੋਖ਼ਤ 'ਤੇ ਜ਼ੋਰ ਦੇਣਾ, ਘਰੇਲੂ ਖ਼ਪਤ ਨੂੰ ਵਧਾਉਣ ਲਈ ਹੈ। ਇਸ ਦਾ ਮਕਸਦ ਆਲਮੀ ਆਰਥਿਕ ਅਸਥਿਰਤਾ ਦੌਰਾਨ ਦੇਸ਼ ਨੂੰ ਆਤਮ-ਨਿਰਭਰ ਬਣਾਉਣਾ ਵੀ ਹੈ। ਇਹ ਟੈਕਸਾਂ ਦੇ ਸਰਲੀਕਰਨ ਅਤੇ ਪਰਿਵਾਰਾਂ, ਕਾਰੋਬਾਰਾਂ ਤੇ ਕਿਸਾਨਾਂ 'ਤੇ ਵਿੱਤੀ ਬੋਝ ਘਟਾਉਣ ਵੱਲ ਸੇਧਿਤ ਹੈ। ਇਸ ਨਾਲ ਕਈ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਘਟੀਆਂ ਹਨ ਤੇ ਸਿਹਤ ਸੰਭਾਲ ਅਤੇ ਬੀਮੇ ਤੱਕ ਪਹੁੰਚ ਵਧੀ ਹੈ। ਭਾਰਤ ਨੂੰ ਦਰਾਮਦ ਘਟਾਉਣ ਅਤੇ ਬਰਾਮਦ ਵਧਾਉਣ ਲਈ ਲੰਮੇ ਸਮੇਂ ਦੀ ਤਿਆਰੀ ਕਰਨੀ ਪਵੇਗੀ। ਵਪਾਰਕ ਮੋਰਚੇ 'ਤੇ ਭਾਰਤ ਲਈ ਸਭ ਤੋਂ ਵੱਡੀਆਂ ਰੁਕਾਵਟਾਂ ਵਿੱਚੋਂ ਇੱਕ ਚੀਨੀ ਵਸਤਾਂ 'ਤੇ ਇਸ ਦੀ ਜ਼ਿਆਦਾ ਨਿਰਭਰਤਾ ਹੈ। ਦੋਵਾਂ ਦੇਸ਼ਾਂ ਵਿਚਾਲੇ ਵਪਾਰ ਲਗਾਤਾਰ ਵਧਿਆ ਹੈ- ਇੱਥੋਂ ਤੱਕ ਕਿ ਲੱਦਾਖ ਦੇ ਟਕਰਾਅ ਦੌਰਾਨ ਵੀ ਵਧਦਾ ਹੀ ਰਿਹਾ ਹੈ- ਪਰ ਅਜੇ ਵੀ ਪੇਈਚਿੰਗ ਦੇ ਪੱਖ ਵਿਚ ਪਲੜਾ ਬਹੁਤ ਜ਼ਿਆਦਾ ਭਾਰਾ ਹੈ।

ਚੀਨ ਨਾਲ ਭਾਰਤ ਦਾ ਵਪਾਰ ਘਾਟਾ 2003-04 ਵਿੱਚ 1.1 ਅਰਬ ਡਾਲਰ ਤੋਂ ਵਧ ਕੇ 2024-25 ਵਿੱਚ 99.2 ਅਰਬ ਡਾਲਰ ਹੋ ਗਿਆ ਹੈ। ਹਾਲ ਹੀ ਵਿਚ ਹੋਏ ਸੁਧਾਰਾਂ ਨੇ ਦਿੱਲੀ ਨੂੰ ਇਸ ਰੁਝਾਨ ਨੂੰ ਬਦਲਣ ਦਾ ਮੌਕਾ ਦਿੱਤਾ ਹੈ, ਪਰ ਪੇਈਚਿੰਗ ਨੂੰ ਭਾਰਤ ਤੋਂ ਦਰਾਮਦ ਵਧਾਉਣ ਲਈ ਰਾਜ਼ੀ ਕਰਨਾ ਆਸਾਨ ਨਹੀਂ ਹੋਵੇਗਾ। ਆਪਣੇ ਲੈਣ-ਦੇਣ ਵਾਲੇ ਰਵੱਈਏ ਕਾਰਨ, ਚੀਨ ਵਪਾਰਕ ਪਾੜੇ ਨੂੰ ਜ਼ਿਆਦਾ ਘਟਾਉਣ ਦੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਕਰ ਸਕਦਾ ਹੈ। ਟਰੰਪ ਦੇ ਟੈਰਿਫ ਹਮਲੇ ਦੇ ਬਾਵਜੂਦ ਭਾਰਤ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਮਰੀਕਾ ਨਾਲ ਇਸ ਦਾ ਵਪਾਰ ਸਰਪਲੱਸ ਹੈ ਤੇ ਉਹ ਇਸ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਵੀ ਹੈ। ਆਪਸੀ ਲਾਭ ਵਾਲਾ ਸਮਝੌਤਾ ਕਰਨ ਲਈ ਵਪਾਰਕ ਗੱਲਬਾਤ ਨੂੰ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ।

ਸਰਕਾਰ ਨੇ ਸੂਝ-ਬੂਝ ਨਾਲ ਆਤਮ-ਨਿਰਭਰਤਾ ਨੂੰ ਆਰਥਿਕ ਰਾਸ਼ਟਰਵਾਦ ਨਾਲ ਜੋੜਨ ਤੋਂ ਗੁਰੇਜ਼ ਕੀਤਾ ਹੈ। ਘਰੇਲੂ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਪੈਦਾਵਾਰ ਨਾਲ ਜੁੜੀਆਂ ਹੋਈਆਂ ਮੌਜੂਦਾ ਪ੍ਰੇਰਕ ਸਕੀਮਾਂ ਦੀ ਸਮੀਖਿਆ ਕਰਨਾ ਜ਼ਰੂਰੀ ਹੈ। ਘਰੇਲੂ ਅਤੇ ਵਿਦੇਸ਼ੀ ਬਾਜ਼ਾਰਾਂ ਨੂੰ ਸਪਲਾਈ ਕੀਤੇ ਜਾਣ ਵਾਲੇ ਉਤਪਾਦਾਂ ਲਈ ਸਖ਼ਤ ਗੁਣਵੱਤਾ ਦੇ ਮਾਪਦੰਡ ਨਿਰਧਾਰਤ ਕੀਤੇ ਜਾਣੇ ਚਾਹੀਦੇ ਹਨ। ਕਾਰੋਬਾਰ ਕਰਨ ਦੀ ਸੌਖ ਵਿੱਚ ਸੁਧਾਰ ਕਰਨਾ ਭਾਰਤ ਨੂੰ ਪ੍ਰਮੁੱਖ ਨਿਵੇਸ਼ ਸਥਾਨ ਵਜੋਂ ਪੇਸ਼ ਕਰਨ ਲਈ ਮਹੱਤਵਪੂਰਨ ਹੈ। ਇਹ ਔਖਾ ਕੰਮ ਹੈ ਜੋ ਮੋਦੀ ਸਰਕਾਰ ਦੀ ਸਖ਼ਤ ਪ੍ਰੀਖਿਆ ਲਵੇਗਾ, ਖ਼ਾਸ ਕਰ ਕੇ ਜਦੋਂ ਵੀਅਤਨਾਮ ਅਤੇ ਕੰਬੋਡੀਆ ਵਰਗੇ ਏਸ਼ਿਆਈ ਦੇਸ਼ ਨਿਰਮਾਣ ਖੇਤਰ 'ਚ ਸਖ਼ਤ ਮੁਕਾਬਲਾ ਦੇ ਰਹੇ ਹਨ।

ਐਸ.ਆਈ.ਆਰ. ਤਹਿਤ ਵੋਟਰ ਸੂਚੀਆਂ ਅੰਤਿਮ ਪ੍ਰਕਾਸ਼ਨ ਦੀਆਂ ਤਿਆਰੀਆਂ ਦਾ ਰੋਲ ਆਬਜ਼ਰਵਰ ਵੱਲੋਂ ਜਾਇਜ਼ਾ

ਹੁਸ਼ਿਆਰਪੁਰ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਐਸ.ਆਈ.ਆਰ. ਤਹਿਤ ਵੋਟਰ ਸੂਚੀਆਂ ਦੇ ਅੰਤਿਮ ਪ੍ਰਕਾਸ਼ਨ ਸਬੰਧੀ ਤਿਆਰੀਆਂ ਦਾ ਅੱਜ ਰੋਲ ਆਬਜ਼ਰਵਰ ਅਤੇ ਸੀਨੀਅਰ ਆਈ.ਏ.ਐਸ. ਅਧਿਕਾਰੀ ਡੀ.ਐਸ. ਮਾਂਗਟ ਨੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਵਿਧਾਨ ਸਭਾ ਹਲਕਾ 42-ਸ਼ਾਮ ਚੁਰਾਸੀ ਅਤੇ ਵਿਧਾਨ ਸਭਾ ਹਲਕਾ 44-ਚੱਬੇਵਾਲ ਦੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਐਸ.ਆਈ.ਆਰ. ਦੇ ਕੰਮ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

ਰੋਲ ਆਬਜ਼ਰਵਰ ਨੇ ਜ਼ਿਲ੍ਹਾ ਪੱਧਰ 'ਤੇ ਪ੍ਰਾਪਤ ਸ਼ਿਕਾਇਤਾਂ ਦੀ ਵੀ ਸਮੀਖਿਆ ਕੀਤੀ ਅਤੇ ਉਨ੍ਹਾਂ ਦੇ ਸਮਾਂਬੱਧ ਨਿਪਟਾਰੇ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਤੋਂ ਇਲਾਵਾ ਉਨ੍ਹਾਂ ਨੇ ਵੋਟਰ ਪਛਾਣ ਪੱਤਰਾਂ (ਵੋਟਰ ਕਾਰਡਾਂ) ਦੀ ਡਿਲੀਵਰੀ ਸਬੰਧੀ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵੋਟਰਾਂ ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਉਨ੍ਹਾਂ ਦੇ ਵੋਟਰ ਕਾਰਡ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵੋਟਰ ਸੂਚੀਆਂ ਦੇ ਅੰਤਿਮ ਪ੍ਰਕਾਸ਼ਨ ਨਾਲ ਸਬੰਧਤ ਸਾਰੀਆਂ ਪ੍ਰਕਿਰਿਆਵਾਂ ਨਿਰਧਾਰਤ ਸਮਾਂ-ਸੀਮਾ ਅਨੁਸਾਰ ਪ੍ਰਭਾਵਸ਼ਾਲੀ ਅਤੇ ਸੁਚਾਰੂ ਢੰਗ ਨਾਲ ਪੂਰੀਆਂ ਕੀਤੀਆਂ ਜਾਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਧੀ ਕੁਮੁਦ ਬੰਬਾਹ, ਨਗਰ ਨਿਗਮ ਕਮਿਸ਼ਨਰ ਜਯੋਤੀ ਬਾਲਾ ਮੱਟੂ, ਚੋਣ ਤਹਿਸੀਲਦਾਰ ਰਮਨਦੀਪ ਕੌਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

ਪੀੜ੍ਹੀਆਂ ਬਦਲੀਆਂ, ਪਰ ਨਹੀਂ ਬਦਲੀ ਰਾਮਲੀਲਾ ਦੀ ਪਰੰਪਰਾ; ਮੋਹਾਲੀ ਵਿੱਚ 36ਵੇਂ ਸਾਲ ਫਿਰ ਸਜੇਗਾ ਰਾਮ ਦਰਬਾਰ

ਮੁਹਾਲੀ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਮੋਹਾਲੀ ਦੇ ਫੇਜ਼-1 ਵਿੱਚ ਨਿਭਾਈ ਜਾ ਰਹੀ ਸ੍ਰੀ ਰਾਮਲੀਲਾ ਦੀ ਪਰੰਪਰਾ ਇਸ ਸਾਲ ਆਪਣੇ 36ਵੇਂ ਪੜਾਅ 'ਤੇ ਪਹੁੰਚ ਗਈ ਹੈ। ਸਮਾਂ ਬਦਲਿਆ, ਪੀੜ੍ਹੀਆਂ ਬਦਲੀਆਂ ਅਤੇ ਮਨੋਰੰਜਨ ਦੇ ਤੌਰ-ਤਰੀਕੇ ਬਦਲੇ, ਪਰ ਭਗਵਾਨ ਸ੍ਰੀ ਰਾਮ ਦੀ ਕਥਾ ਨੂੰ ਮੰਚ 'ਤੇ ਜੀਵੰਤ ਕਰਨ ਦੀ ਪਰੰਪਰਾ ਅੱਜ ਵੀ ਉਸੇ ਸ਼ਰਧਾ ਨਾਲ ਜਾਰੀ ਹੈ। ਇਸੇ ਵਿਰਸੇ ਨੂੰ ਅੱਗੇ ਵਧਾਉਂਦੇ ਹੋਏ ਸ੍ਰੀ ਰਾਮਲੀਲਾ ਅਤੇ ਦੁਸਹਿਰਾ ਕਮੇਟੀ ਫੇਜ਼-1 ਮੋਹਾਲੀ ਵੱਲੋਂ ਇਸ ਸਾਲ 36ਵੀਂ ਰਾਮਲੀਲਾ ਦਾ ਆਯੋਜਨ ਕੀਤਾ ਜਾ ਰਿਹਾ ਹੈ।

10 ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਰਾਮਲੀਲਾ 114 ਅਕਤੂਬਰ ਤੱਕ ਚੱਲੇਗੀ। ਇਸ ਦੌਰਾਨ ਰਾਮਾਇਣ ਦੇ ਪ੍ਰਮੁੱਖ ਪ੍ਰਸੰਗਾਂ ਦਾ ਮੰਚਨ ਕੀਤਾ ਜਾਵੇਗਾ। ਭਗਵਾਨ ਸ੍ਰੀ ਰਾਮ ਦੇ ਜਨਮ ਤੋਂ ਲੈ ਕੇ ਬਨਵਾਸ, ਸੀਤਾ ਹਰਣ, ਲੰਕਾ ਜਿੱਤ ਅਤੇ ਅਯੁੱਧਿਆ ਵਾਪਸੀ ਤੱਕ ਦੀ ਕਥਾ ਨੂੰ ਮੰਚ ਦੇ ਮਾਧਿਅਮ ਨਾਲ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

ਆਯੋਜਨ ਦੀ ਖ਼ਾਸ ਗੱਲ ਇਹ ਹੈ ਕਿ ਰਾਮਲੀਲਾ ਦੀ ਇਹ ਪਰੰਪਰਾ ਸਿਰਫ਼ ਇੱਕ ਧਾਰਮਿਕ ਆਯੋਜਨ ਬਣ ਕੇ ਨਹੀਂ ਰਹਿ ਗਈ ਹੈ, ਸਗੋਂ ਫੇਜ਼-1 ਅਤੇ ਆਸ-ਪਾਸ ਦੇ ਇਲਾਕਿਆਂ ਦੀ ਸਮਾਜਿਕ ਅਤੇ ਸੱਭਿਆਚਾਰਕ ਪਛਾਣ ਦਾ ਹਿੱਸਾ ਬਣ ਚੁੱਕੀ ਹੈ। ਸਾਲਾਂ ਤੋਂ ਜਿਨ੍ਹਾਂ ਪਰਿਵਾਰਾਂ ਦੀਆਂ ਕਈ ਪੀੜ੍ਹੀਆਂ ਰਾਮਲੀਲਾ ਦੇਖਣ ਆਉਂਦੀਆਂ ਰਹੀਆਂ ਹਨ, ਉਨ੍ਹਾਂ ਲਈ ਇਹ ਆਯੋਜਨ ਅੱਜ ਵੀ ਬਚਪਨ ਦੀਆਂ ਯਾਦਾਂ ਅਤੇ ਆਸਥਾ ਨਾਲ ਜੁੜਿਆ ਹੋਇਆ ਹੈ।

ਕਮੇਟੀ ਦੇ ਪ੍ਰਧਾਨ ਆਸ਼ੂ ਸੂਦ ਨੇ ਕਿਹਾ ਕਿ 36 ਸਾਲਾਂ ਦੀ ਇਹ ਯਾਤਰਾ ਕਮੇਟੀ ਦੇ ਮੈਂਬਰਾਂ ਅਤੇ ਸ਼ਹਿਰਵਾਸੀਆਂ ਦੇ ਸਹਿਯੋਗ ਦਾ ਨਤੀਜਾ ਹੈ। ਰਾਮਲੀਲਾ ਰਾਹੀਂ ਭਗਵਾਨ ਸ੍ਰੀ ਰਾਮ ਦੇ ਜੀਵਨ ਨਾਲ ਜੁੜੇ ਸੱਚ, ਮਰਿਆਦਾ, ਤਿਆਗ, ਕਰਤੱਵ ਅਤੇ ਧਰਮ ਦੇ ਸੰਦੇਸ਼ ਨੂੰ ਸਮਾਜ ਤੱਕ ਪਹੁੰਚਾਉਣ ਦਾ ਯਤਨ ਲਗਾਤਾਰ ਜਾਰੀ ਹੈ। ਖਾਸ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਆਪਣੀ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜੋੜਨਾ ਆਯੋਜਨ ਦਾ ਮਹੱਤਵਪੂਰਨ ਉਦੇਸ਼ ਹੈ।

ਉਨ੍ਹਾਂ ਕਿਹਾ ਕਿ ਇਸ ਵਾਰ ਵੀ ਰਾਮਲੀਲਾ ਨੂੰ ਭਵਿੱਖ ਅਤੇ ਆਕਰਸ਼ਕ ਬਣਾਉਣ ਦੇ ਨਾਲ-ਨਾਲ ਇਸ ਦੀ ਧਾਰਮਿਕ ਅਤੇ ਸੱਭਿਆਚਾਰਕ ਗਰਿਮਾ ਨੂੰ ਬਣਾਈ ਰੱਖਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਰਾਮਲੀਲਾ ਦੇ ਸਮਾਪਤ ਹੋਣ ਤੋਂ ਬਾਅਦ 20 ਅਕਤੂਬਰ ਨੂੰ ਵਿਜੇਦਸ਼ਮੀ ਉਤਸਵ ਆਯੋਜਿਤ ਕੀਤਾ ਜਾਵੇਗਾ।

ਰਾਵਣ ਦਹਿਨ ਦੇ ਨਾਲ ਬੁਰਾਈ 'ਤੇ ਅੱਛਾਈ ਅਤੇ ਅਧਰਮ 'ਤੇ ਧਰਮ ਦੀ ਜਿੱਤ ਦਾ ਸੰਦੇਸ਼ ਦਿੱਤਾ ਜਾਵੇਗਾ।

ਕਮੇਟੀ ਨੇ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪਰਿਵਾਰ ਸਮੇਤ ਰਾਮਲੀਲਾ ਵਿੱਚ ਪਹੁੰਚਣ ਅਤੇ 36 ਸਾਲਾਂ ਤੋਂ ਚਲੀ ਆ ਰਹੀ ਇਸ ਪਰੰਪਰਾ ਦੇ ਗਵਾਹ ਬਣਨ।

ਪੋਸ਼ਣ ਮਾਹ ਦੇ ਤਹਿਤ ਬਲਾਕ ਅਬੋਹਰ 2 ਦੇ ਪਿੰਡ ਸ਼ੇਰੇਵਾਲਾ ਵਿਖੇ ਅਨਪਰਾਸ਼ਨ ਅਤੇ ਗੋਦ ਭਰਾਈ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ

ਫਾਜ਼ਿਲਕਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੋਸ਼ਣ ਮਾਹ ਦੇ ਤਹਿਤ ਬਲਾਕ ਅਬੋਹਰ 2 ਦੇ ਪਿੰਡ ਸ਼ੇਰੇਵਾਲਾ ਵਿਖੇ ਅਨਪਰਾਸ਼ਨ ਅਤੇ ਗੋਦ ਭਰਾਈ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਵਿੱਚ ਦਫਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਅਬੋਹਰ 2 ਦੇ ਸਮੂਹ ਸੁਪਰਵਾਈਜਰ ਵਲੋਂ ਸ਼ਮੂਲੀਅਤ ਕੀਤੀ ਗਈ।ਇਹਨਾਂ ਗਤੀਵਿਧੀਆਂ ਵਿੱਚ ਛੇ ਮਹੀਨੇ ਤੋਂ ਵੱਧ ਬੱਚਿਆਂ ਨੂੰ ਅਨਪਰਾਸ਼ਨ ਕਰਾਇਆ ਗਿਆ ਜਿਸ ਵਿੱਚ ਬੱਚਿਆਂ ਦੀਆਂ ਮਾਵਾਂ ਨੂੰ ਓਪਰੀ ਆਹਾਰ ਬਾਰੇ ਦੱਸਦੇ ਹੋਏ ਜਾਗਰੂਕ ਕੀਤਾ ਗਿਆ। ਗਰਭਵਤੀ ਔਰਤਾਂ ਨੂੰ ਹਰ ਰੰਗ ਦੇ ਫਲ ਅਤੇ ਸਬਜ਼ੀ ਦੀ ਟੋਕਰੀ ਦਿੰਦੇ ਹੋਏ ਇਹ ਦੱਸਿਆ ਗਿਆ ਕਿ ਇਸ ਸਮੇਂ ਦੇ ਦੌਰਾਨ ਆਪ ਵੱਲੋਂ ਸੰਤੁਲਿਤ ਆਹਾਰ ਲਿਆ ਜਾਣਾ ਬੇਹਦ ਜਰੂਰੀ ਹੈ।

ਇਸਦੇ ਨਾਲ ਹੀ ਪਿੰਡ ਸ਼ੇਰੇਵਾਲਾ ਦੇ ਸਰਪੰਚ ਸ਼੍ਰੀ ਗੌਤਮ ਮੇਘਵਾਲ ਅਤੇ ਏ.ਐਨ.ਐਮ ਸ਼੍ਰੀਮਤੀ ਮਨਪ੍ਰੀਤ ਕੌਰ ਵੱਲੋਂ ਵੀ ਭਾਗ ਲਿਆ ਗਿਆ। ਪ੍ਰੋਗਰਾਮ ਦੌਰਾਨ ਆਂਗਣਵਾੜੀ ਦੇ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਵੱਲੋਂ ਕਈ ਪਰਫੋਰਮੈਂਸ ਵੀ ਦਿੱਤੀਆਂ ਗਈਆਂ ਅਤੇ ਸਟਾਫ ਵੱਲੋਂ ਆਈ.ਸੀ.ਡੀ.ਐਸ. ਦੀਆਂ ਸਮੂਹ ਸਕੀਮਾਂ ਬਾਰੇ,ਹਾਜ਼ਰ ਹੋਈ ਪਬਲਿਕ ਨੂੰ ਜਾਣਕਾਰੀ ਵੀ ਦਿੱਤੀ ਗਈ।

ਬਟਾਲਾ 'ਚ ਦਿਨ-ਦਿਹਾੜੇ ਬਜ਼ੁਰਗ ਮਾਤਾ ਦੀਆਂ ਕੰਨਾਂ 'ਚੋਂ ਬਾਲੀਆਂ ਖੋਹ ਕੇ ਲੁਟੇਰਾ ਫ਼ਰਾਰ, ਸੀਸੀਟੀਵੀ 'ਚ ਹੋਇਆ ਕੈਦ

ਮੁਕੇਰੀਆਂ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਬਟਾਲਾ ਦੇ ਮੁਰਗੀ ਮੁਹੱਲੇ ਵਿੱਚ ਦਿਨ-ਦਿਹਾੜੇ ਘਰ ਦੇ ਮੂਹਰੇ ਬੈਠੀ ਇੱਕ ਬਜ਼ੁਰਗ ਮਾਤਾ ਗੁਰਦੀਪ ਕੌਰ ਪੱਤਨੀ ਰਜਿੰਦਰ ਸਿੰਘ ਦੇ ਕੰਨਾਂ ਵਿੱਚੋਂ ਬਾਲੀਆਂ ਖੋਹ ਕੇ ਇੱਕ ਲੁਟੇਰਾ ਫ਼ਰਾਰ ਹੋ ਗਿਆ।

ਜਿਸਦੀ ਫੁਟੇਜ ਸੀਸਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ ਜਾਣਕਾਰੀ ਦੇ ਅਨੁਸਾਰ ਦੱਸਿਆ ਗਿਆ ਕਿ ਲੁਟੇਰੇ ਨੇ ਪਤਾ ਪੁੱਛਣ ਦੇ ਬਹਾਨੇ ਵਾਰਦਾਤ ਨੂੰ ਅੰਜਾਮ ਦਿੱਤਾ। ਘਟਨਾ ਤੋਂ ਬਾਅਦ ਇਲਾਕੇ ਵਿੱਚ ਚਰਚਾ ਦਾ ਮਾਹੌਲ ਹੈ। ਸਮਾਜ ਸੇਵਕ ਅਮਰ ਸਿੰਘ ਚੱਕ ਨੇ ਘਟਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਦਿਨ-ਦਿਹਾੜੇ ਅਜਿਹੀਆਂ ਵਾਰਦਾਤਾਂ ਹੋਣਾ ਸ਼ਹਿਰ ਦੀ ਸੁਰੱਖਿਆ ਵਿਵਸਥਾ 'ਤੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਦੀ ਢਿੱਲੀ ਕਾਰਜਪ੍ਰਣਾਲੀ ਕਾਰਨ ਅਪਰਾਧੀਆਂ ਦੇ ਹੌਸਲੇ ਵਧ ਰਹੇ ਹਨ ਅਤੇ ਲੋਕ ਆਪਣੇ ਘਰਾਂ ਦੇ ਬਾਹਰ ਬੈਠਣ ਸਮੇਂ ਵੀ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ।

ਮਰ ਸਿੰਘ ਚੱਕ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਹਦਾਇਤਾਂ ਜਾਰੀ ਕਰਕੇ ਸ਼ਹਿਰ ਵਿੱਚ ਗਸ਼ਤ ਤੇਜ਼ ਕੀਤੀ ਜਾਵੇ ਅਤੇ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇ।

33 ਕਰੋੜ ਰੁਪਏ ਨਾਲ ਬਠਿੰਡਾ ਦੀਆਂ ਸੜਕਾਂ ਦਾ ਹੋਵੇਗਾ ਨਵੀਨੀਕਰਨ, 7-8 ਮਹੀਨਿਆਂ ਵਿੱਚ ਸ਼ਹਿਰ ਨੂੰ ਕੀਤਾ ਜਾਵੇਗਾ ਟੋਇਆਂ ਤੋਂ ਮੁਕਤ : ਮੇਅਰ ਪਦਮਜੀਤ ਸਿੰਘ ਮਹਿਤਾ

ਬਠਿੰਡਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਠਿੰਡਾ ਸ਼ਹਿਰ ਦੀਆਂ ਸੜਕਾਂ ਨੂੰ ਸੁੰਦਰ, ਸੁਰੱਖਿਅਤ ਅਤੇ ਸੁਵਿਧਾਜਨਕ ਬਣਾਉਣ ਦੇ ਉਦੇਸ਼ ਨਾਲ ਨਗਰ ਨਿਗਮ ਵੱਲੋਂ ਸੜਕਾਂ ਦੇ ਨਿਰਮਾਣ ਅਤੇ ਨਵੀਨੀਕਰਨ ਦੇ ਕੰਮਾਂ ਵਿੱਚ ਤੇਜ਼ੀ ਲਿਆਂਦੀ ਗਈ ਹੈ। ਇਸੇ ਲੜੀ ਤਹਿਤ ਅੱਜ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ੍ਰੀਮਤੀ ਕਮਲੇਸ਼ ਮਹਿਰਾ ਦੇ ਵਾਰਡ ਨੰਬਰ 47 ਵਿੱਚ ਸਥਿਤ ਵਿਸ਼ਾਲ ਨਗਰ ਤੋਂ ਪ੍ਰੀਮਿਕਸ ਸੜਕ ਬਣਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ।

ਇਸ ਮੌਕੇ ਸ੍ਰੀਮਤੀ ਕਮਲੇਸ਼ ਮਹਿਰਾ, ਸ੍ਰੀ ਰਾਜ ਮਹਿਰਾ, ਸ੍ਰੀ ਕਮਲ ਓਹਰੀ, ਸ੍ਰੀ ਜਨਕ ਰਾਜ, ਸ੍ਰੀ ਲਵੀ ਜੋਸ਼ੀ, ਸ੍ਰੀ ਇੰਦਰਜੀਤ, ਸ੍ਰੀ ਕੁੰਜਬਿਹਾਰੀ, ਸ੍ਰੀ ਰਾਜੇਸ਼ ਅਰੋੜਾ, ਸ੍ਰੀ ਬਿੱਟੂ, ਸ੍ਰੀ ਰੂਪ, ਸ੍ਰੀ ਦਿਨੇਸ਼ ਅਰੋੜਾ, ਸ੍ਰੀ ਕ੍ਰਿਸ਼ਨ ਜਿੰਦਲ, ਸ੍ਰੀ ਅਮਿਤ ਮਹਿਤਾ, ਸ੍ਰੀ ਜੈਨ, ਸ੍ਰੀ ਰਾਜੂ, ਡਾ. ਸੁਰਿੰਦਰ ਸਿੰਗਲਾ, ਸ੍ਰੀ ਨੀਰਜ ਜੌੜਾ, ਸ੍ਰੀ ਰਘੁਨਾਥ ਗੋਇਲ ਸਮੇਤ ਇਲਾਕਾ ਨਿਵਾਸੀ ਹਾਜ਼ਰ

ਆਨਲਾਈਨ ਪੈਸੇ ਟ੍ਰਾਂਸਫਰ ਕਰਨ ਤੋਂ ਪਹਿਲਾਂ

ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਈਕੋਸਿਸਟਮ ’ਚ ਤਬਦੀਲੀ ਆਈ ਹੈ। 2016 ਤੋਂ ਬਾਅਦ ਡਿਜੀਟਲ ਟ੍ਰਾਂਜੈਕਸ਼ਨ ਦੀ ਸੰਖਿਆ ’ਚ ਵਾਧਾ ਹੋਇਆ ਹੈ। ਇਸ ਫ਼ੈਸਲੇ ਤੋਂ ਬਾਅਦ ਲੋਕਾਂ ਕੋਲ ਨਕਦੀ ਦੀ ਮੁਸ਼ਕਲ ਨੂੰ ਦੇਖਦੇ ਹੋਏ ਐੱਨਈਐੱਫਟੀ, ਆਰਟੀਜੀਐੱਸ, ਈ-ਵਾਲੇਟ ਅਤੇ ਯੂਪੀਆਈ ਗਾਹਕਾਂ ਦੀ ਮਦਦ ਕਰਨ ਵਾਲੇ ਸਾਧਨਾਂ ਦੇ ਤੌਰ ’ਤੇ ਤੇਜ਼ੀ ਨਾਲ ਉੱਭਰੇ ਹਨ। ਹਾਲਾਂਕਿ ਇਨ੍ਹਾਂ ਸਾਰੇ ਸਾਧਨਾਂ ਵਿਚਕਾਰ ਗਾਹਕ ਹੁਣ ਇਸ ਪਰੇਸ਼ਾਨੀ ’ਚ ਹਨ ਕਿ ਇਸ ’ਚ ਕਿਸ ਸਾਧਨ ਨੂੰ ਚੁਣਨਾ ਬਿਹਤਰ ਹੋਵੇਗਾ।

ਕੀ ਹੁੰਦਾ ਹੈ ਐੱਨਈਐੱਫਟੀ

ਰਾਸ਼ਟਰੀ ਇਲੈੱਕਟ੍ਰਾਨਿਕ ਫੰਡ ਟ੍ਰਾਂਸਫਰ (ਐੱਨਈਐੱਫਟੀ) ਇਕ ਬੈਂਕ ਖ਼ਾਤੇ ਤੋਂ ਦੂਜੇ ’ਚ ਫੰਡ ਟ੍ਰਾਂਸਫਰ ਕਰਨ ਦਾ ਸਭ ਤੋਂ ਆਮ ਤਰੀਕਾ ਹੈ। ਇਸ ’ਚ ਟ੍ਰਾਂਸਫਰ ਕੀਤੇ ਜਾਣ ਵਾਲੀ ਫੰਡ ਰਾਸ਼ੀ ’ਤੇ ਕੋਈ ਵੀ ਲਿਮਿਟ ਲਾਗੂ ਨਹੀਂ ਹੈ। ਇਸ ਦੀ ਪ੍ਰਕਿਰਿਆ ਵੀ ਆਸਾਨ ਹੁੰਦੀ ਹੈ। ਐੱਨਈਐੱਫਟੀ ਟ੍ਰਾਂਸਫਰ ’ਤੇ ਸ਼ੁਲਕ ਲਿਆ ਜਾਂਦਾ ਹੈ, ਜੋ ਕਿ ਕਰ ਦੇ ਨਾਲ-ਨਾਲ 2.50 ਰੁਪਏ ਤੋਂ ਲੈ ਕੇ 25 ਰੁਪਏ ਤਕ ਹੋ ਸਕਦਾ ਹੈ। ਇਕ ਵਾਰ ’ਚ ਐੱਨਈਐੱਫਟੀ ਜ਼ਰੀਏ ਜ਼ਿਆਦਾਤਰ 10 ਲੱਖ ਰੁਪਏ ਤਕ ਭੇਜੇ ਜਾ ਸਕਦੇ ਹਨ।

ਕੀ ਹੈ ਆਰਟੀਜੀਐੱਸ

ਰੀਅਲ ਟਾਈਮ ਗ੍ਰਾਸ ਸੈਟਲਮੈਂਟ (ਆਰਟੀਜੀਐੱਸ) ਬੈਂਕਾਂ ’ਚ ਫੰਡ ਟ੍ਰਾਂਸਫਰ ਦਾ ਇਕ ਤਰੀਕਾ ਹੈ, ਜੋ ਵਿਅਕਤੀਗਤ ਖ਼ਾਤਾ ਧਾਰਕਾਂ ਜਾਂ ਸਮੂਹਾਂ ’ਚ ਗਾਹਕਾਂ ਨੂੰ ਕੀਤਾ ਜਾਂਦਾ ਹੈ। ਇਸ ਤਹਿਤ ਜਦੋਂ ਫੰਡ ਪ੍ਰਾਪਤ ਕੀਤਾ ਜਾਂਦਾ ਹੈ ਤਾਂ ਉਸ ਨੂੰ ਅੱਗੇ ਭੁਗਤਾਨ ਜਾਂ ਗਾਹਕ ਦੇ ਨਿਰਦੇਸ਼ ਅਨੁਸਾਰ ਹੋਰ ਉਪਯੋਗ ਲਈ ਵਧਾ ਦਿੱਤਾ ਜਾਂਦਾ ਹੈ।

ਐੱਨਈਐੱਫਟੀ ਤਹਿਤ ਫੰਡ ਟ੍ਰਾਂਸਫਰ ਇਕ ਨਿਰਧਾਰਿਤ ਸਮੇਂ ’ਤੇ ਹੀ ਹੁੰਦਾ ਹੈ। ਹਰ ਇਕ ਘੰਟੇ ’ਚ ਇਸ ਤਹਿਤ ਫੰਡ ਟ੍ਰਾਂਸਫਰ ਹੁੰਦੇ ਹਨ, ਜਦਕਿ ਆਰਟੀਜੀਐੱਸ ਫੰਡ ਨੂੰ ਤਤਕਾਲ ਟ੍ਰਾਂਸਫਰ ਕਰਨ ਲਈ ਪ੍ਰਕਿਰਿਆ ’ਚ ਲਗਾ ਦਿੱਤਾ ਜਾਂਦਾ ਹੈ।

ਇਸ ਤਹਿਤ ਭੇਜਿਆ ਜਾਣ ਵਾਲੀ ਘੱਟ ਤੋਂ ਘੱਟ ਰਕਮ 2 ਲੱਖ ਰੁਪਏ ਹੁੰਦੀ ਹੈ। ਬਾਕੀ ਜ਼ਿਆਦਾਤਰ ’ਚ ਇਸ ’ਤੇ ਕੋਈ ਸੀਮਾ ਨਹੀਂ ਹੈ। ਆਰਟੀਜੀਐੱਸ ’ਚ ਰੀਅਲ ਟਾਇਮ ਬੇਸ ’ਤੇ ਪੈਸਾ ਟ੍ਰਾਂਸਫਰ ਕੀਤਾ ਜਾ ਸਕਦਾ ਹੈ ਇਸ ਲਈ ਇਸ ’ਚ ਸ਼ੁਲਕ ਵੀ ਜ਼ਿਆਦਾ ਲਿਆ ਜਾਂਦਾ ਹੈ।

ਕੀ ਹੈ ਯੂਪੀਆਈ

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਸਰਵਿਸ ਅਪ੍ਰੈਲ 2016 ’ਚ ਸ਼ੁਰੂ ਕੀਤੀ ਗਈ ਸੀ। ਯੂਪੀਆਈ ਯੂਜ਼ਰ ਦੇ ਬੈਂਕ ਖਾਤੇ ਨਾਲ ਜੁੜਿਆ ਰਹਿੰਦਾ ਹੈ। ਇਸ ਲਈ ਜਦੋਂ ਵੀ ਤੁਹਾਨੂੰ ਕੋਈ ਟ੍ਰਾਂਜੈਕਸ਼ਨ ਕਰਨੀ ਹੋਵੇ ਤਾਂ ਹਰ ਵਾਰ ਜਾਣਕਾਰੀਆਂ ਨਹੀਂ ਦੇਣੀਆਂ ਪੈਣਗੀਆਂ। ਜਿਵੇਂ ਹੀ ਤੁਸੀਂ ਯੂਪੀਆਈ ਲਈ ਰਜਿਸਟਰ ਕਰਦੇ ਹੋ ਤੁਹਾਨੂੰ ਇਕ ਵਰਚੁਅਲ ਆਈਡੀ, ਟੀਪਿਨ ਜਾਂ ਐੱਮਪਿਨ ਮਿਲਦਾ ਹੈ, ਜਿਸ ਨਾਲ ਤੁਸੀਂ ਟ੍ਰਾਂਜੈਕਸ਼ਨ ਕਰ ਸਕਦੇ ਹੋ।

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਜ਼ਰੀਏ ਤੁਸੀਂ ਆਨਲਾਈਨ ਤਰੀਕੇ ਨਾਲ ਪੈਸਾ ਟ੍ਰਾਂਸਫਰ ਕਰ ਸਕਦੇ ਹੋ। ਇਸ ਨਾਲ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (ਐੱਨਸੀਪੀਆਈ) ਨੇ ਬਣਾਇਆ ਹੈ ਅਤੇ ਉਸ ਦਾ ਦਾਅਵਾ ਹੈ ਕਿ ਯੂਪੀਆਈ ਜ਼ਰੀਏ ਤੁਸੀਂ ਸਿਰਫ਼ ਐੱਸਐੱਮਐੱਸ ਜ਼ਰੀਏ ਵੀ ਰਕਮ ਟ੍ਰਾਂਸਫਰ ਕਰ ਸਕਦੇ ਹੋ। •

ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਇਕੋਸਿਸਟਮ ’ਚ ਤਬਦੀਲੀ ਆਈ ਹੈ। ਡਿਜੀਟਲ ਟ੍ਰਾਂਜੈਕਸ਼ਨ ’ਚ ਪੈਸੇ ਟ੍ਰਾਂਸਫਰ ਕਰਨ ਲਈ ਤੁਹਾਡੇ ਕੋਲ ਕਈ ਸਾਰੇ ਸਾਧਨ ਹੁੰਦੇ ਹਨ। ਜਾਣੋ ਤੁਹਾਡੇ ਲਈ ਕਿਹੜਾ ਸਾਧਨ ਸਹੀ ਹੈ...

ਜੇ ਚਾਹੁੰਦੇ ਹੋ ਜ਼ਿਆਦਾ ਵਿਆਜ ਤਾਂ ਅਪਣਾਉ ਡਾਕਘਰ ਦਾ ਰਸਤਾ

ਭਵਿੱਖ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਧਿਆਨ ’ਚ ਰੱਖਦੇ ਹੋਏ ਲੋਕ ਬਚਤ ਲਈ ਤਰ੍ਹਾਂ-ਤਰ੍ਹਾਂ ਦੇ ਨਿਵੇਸ਼ ਸਾਧਨਾਂ ਦਾ ਇਸਤੇਮਾਲ ਕਰਦੇ ਹਨ। ਹਾਲਾਂਕਿ ਲੋਕ ਆਮਤੌਰ ’ਤੇ ਬੈਂਕ ਦੇ ਸੇਵਿੰਗ ਅਕਾਊਂਟ ਨੂੰ ਹੀ ਸੁਰੱਖਿਅਤ ਅਤੇ ਬਿਹਤਰ ਮੰਨਦੇ ਹਨ...

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਡਾਕਘਰ ਭਾਵ ਪੋਸਟ ਆਫਿਸ ’ਚ ਵੀ ਅਜਿਹੀਆਂ ਸਕੀਮਾਂ ਚਲਦੀਆਂ ਹਨ ਜੋ ਬੈਂਕ ਦੇ ਸੇਵਿੰਗ ਅਕਾਊਂਟ ਤੋਂ ਵੀ ਜ਼ਿਆਦਾ ਵਿਆਜ ਦਿੰਦੀਆਂ ਹਨ। ਅੱਜ ਅਸੀਂ ਇਨ੍ਹਾਂ ਸਕੀਮਾਂ ਬਾਰੇ ਚਰਚਾ ਕਰਾਂਗੇ।

ਡਾਕਘਰ ਮਹੀਨਾਵਰ ਬਚਤ ਆਮਦਨ

ਡਾਕਘਰ ਦੀ ਮਹੀਨਾਵਰ ਆਮਦਨ ਖ਼ਾਤਾ ਯੋਜਨਾ ਅਜਿਹੇ ਨਿਵੇਸ਼ਕਾਂ ਲਈ ਹੁੰਦੀ ਹੈ ਜੋ ਰਾਸ਼ੀ ਦਾ ਨਿਵੇਸ਼ ਕਰ ਮਹੀਨਾਵਰ ਆਧਾਰ ’ਤੇ ਵਿਆਜ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਯੋਜਨਾ ਰਿਟਾਇਰਡ ਕਰਮਚਾਰੀਆਂ ਅਤੇ ਬਜ਼ੁਰਗ ਨਾਗਰਿਕਾਂ ਲਈ ਬਹੁਤ ਉਪਯੋਗੀ ਹੈ। ਇਸ ਖ਼ਾਤੇ ’ਚ ਮਚਿਓਰਿਟੀ ਸਮਾਂ ਪੰਜ ਸਾਲ ਹੁੰਦਾ ਹੈ। ਇਸ ’ਚ ਖ਼ਾਤਾ ਧਾਰਕ ਨੂੰ ਜਮ੍ਹਾਂ ’ਤੇ ਹਰ ਮਹੀਨੇ ਵਿਆਜ ਮਿਲਦਾ ਹੈ। ਮੌਜੂਦਾ ਸਮੇਂ ’ਚ ਇਸ ਯੋਜਨਾ ’ਚ 7.50 ਫ਼ੀਸਦੀ ਦੀ ਦਰ ਨਾਲ ਵਿਆਜ ਮਿਲ ਰਿਹਾ ਹੈ। ਇਸ ਨੂੰ ਸਿੰਗਲ ਜਾਂ ਫਿਰ ਜੁਆਇੰਟ ਦੋਵੇਂ ਤਰੀਕਿਆਂ ਨਾਲ ਖੋਲ੍ਹਿਆ ਜਾ ਸਕਦਾ ਹੈ। ਦੋਵਾਂ ’ਚ ਸਮਾਂ ਸੀਮਾ ਵੱਖ-ਵੱਖ ਹੈ ਜਿਵੇਂ ਕਿ ਸਿੰਗਲ ’ਚ ਜ਼ਿਆਦਾਤਰ ਨਿਵੇਸ਼ 4.5 ਲੱਖ ਹੈ ਤਾਂ ਜੁਆਇੰਟ ਖ਼ਾਤੇ ’ਚ ਤੁਸੀਂ 9 ਲੱਖ ਤਕ ਜਮ੍ਹਾਂ ਕਰ ਸਕਦੇ ਹੋ।

ਪਬਲਿਕ ਪ੍ਰਾਵੀਡੈਂਟ ਫੰਡ

ਪੀਪੀਐੱਫ ਅਕਾਊਂਟ ਤਨਖ਼ਾਹ ਕਰਮਚਾਰੀ ਜਾਂ ਵਪਾਰੀ ਵਰਗ ਦੋਵਾਂ ਲਈ ਹੁੰਦਾ ਹੈ। ਇਸ ’ਚ ਇਕ ਵਿੱਤੀ ਸਾਲ ’ਚ ਜ਼ਿਆਦਾਤਰ ਇਕ ਲੱਖ ਰੁਪਏ ਤਕ ਦੇ ਨਿਵੇਸ਼ ’ਤੇ ਕਰ ਛੋਟ ਦਾ ਲਾਭ ਮਿਲਦਾ ਹੈ। ਇਸ ਨੂੰ ਜਾਂ ਤਾਂ ਸਿੰਗਲ ਜਾਂ ਫਿਰ 12 ਕਿਸ਼ਤਾਂ ’ਚ ਜਮ੍ਹਾਂ ਕੀਤਾ ਜਾ ਸਕਦਾ ਹੈ। ਇਹ ਖ਼ਾਤਾ ਨਾਬਾਲਿਗ ਅਤੇ ਬਾਲਿਗ ਦੋਵਾਂ ਦਾ ਹੋ ਸਕਦਾ ਹੈ। ਇਸ ਦਾ ਮਚਿਓਰਿਟੀ ਪੀਰੀਅਡ 15 ਸਾਲ ਹੈ। ਇਸ ’ਚ ਜਮ੍ਹਾਂ ’ਤੇ 7.9 ਫ਼ੀਸਦੀ ਦਾ ਵਿਆਜ ਮਿਲਦਾ ਹੈ।

ਰਾਸ਼ਟਰੀ ਬੱਚਤ ਪੱਤਰ

ਜੇ ਤੁਸੀਂ ਸੁਰੱਖਿਅਤ ਨਿਵੇਸ਼ ਨਾਲ ਬਿਹਤਰ ਰਿਟਰਨ ਵੀ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਦੀ ਚੋਣ ਕਰਨੀ ਚਾਹੀਦੀ ਹੈ। ਇਸ ਯੋਜਨਾ ਨੂੰ ਸਰਕਾਰੀ ਕਰਮਚਾਰੀ, ਬਿਜ਼ਨਸਮੈਨ ਅਤੇ ਕਰ ਅਦਾ ਕਰਨ ਵਾਲੇ ਕਰਮਚਾਰੀਆਂ ਦੀ ਜ਼ਰੂਰਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਜਾਰੀ ਕੀਤਾ ਗਿਆ ਹੈ। ਇਸ ’ਚ ਨਿਵੇਸ਼ ਦੀ ਕੋਈ ਸੀਮਾ ਨਹੀਂ ਹੁੰਦੀ। ਰਾਸ਼ਟਰੀ ਬੱਚਤ ਪੱਤਰ ਦੋ ਤਰ੍ਹਾਂ ਦੇ ਹੁੰਦੇ ਹਨ - ਪਹਿਲਾ ਟਾਈਪ 1 (VIII ਇਸ਼ੂ) ਅਤੇ ਦੂਜਾ ਟਾਈਪ 2 (IX ਇਸ਼ੂ) ਇਸ ’ਤੇ ਟੀਡੀਐੱਸ ਨਹੀਂ ਕੱਟਦਾ। ਟਰੱਸਟ ਅਤੇ ਐੱਚਯੂਐੱਫ ਇਸ ’ਚ ਨਿਵੇਸ਼ ਨਹੀਂ ਕਰ ਸਕਦੇ। ਇਸ ’ਚ ਜਮ੍ਹਾਂ ’ਤੇ 7.9 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ।

ਪੰਜ ਸਾਲ ਡਾਕਘਰ ਆਵਰਤੀ ਜਮ੍ਹਾਂ ਯੋਜਨਾ

ਇਹ ਵੀ ਨਿਵੇਸ਼ ਦਾ ਇਕ ਬਿਹਤਰ ਸਾਧਨ ਹੈ। ਇਸ ’ਚ ਤੁਹਾਡਾ ਪੈਸਾ ਪੰਜ ਸਾਲ ਲਈ ਜਮ੍ਹਾਂ ਰਹਿੰਦਾ ਹੈ। ਇਸ ਖ਼ਾਤੇ ’ਚ ਜਮ੍ਹਾਂ ’ਤੇ 7.2 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ ਤੇ ਨਾਲ ਹੀ ਇਸ ਬੱਚਤ ਯੋਜਨਾ ’ਚ ਇਸ ਸਾਲ ਤੋਂ ਬਾਅਦ 50 ਫ਼ੀਸਦੀ ਰਕਮ ਕਢਵਾਉਣ ਦੀ ਵਿਵਸਥਾ ਹੈ। ਹਰ ਮਹੀਨੇ ਇਸ ’ਚ 10 ਰੁਪਏ ਦਾ ਨਿਵੇਸ਼ ਜ਼ਰੂਰੀ ਹੈ।

ਡਾਕਘਰ ਜਮ੍ਹਾਂ ਖ਼ਾਤਾ

ਡਾਕਘਰ ਜਮ੍ਹਾਂ ਖ਼ਾਤਾ ਵੀ ਨਿਵੇਸ਼ ਦਾ ਇਕ ਬਿਹਤਰ ਮਾਧਿਅਮ ਹੈ। ਜਿਸ ’ਚ ਤੁਹਾਨੂੰ 6.8 ਤੋਂ 7.6 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ। ਇਹ ਵਿਆਜ ਦਰ ਤੁਹਾਨੂੰ ਪੰਜ ਸਾਲ ਖ਼ਾਤੇ ’ਤੇ ਮਿਲਦਾ ਹੈ। ਇਹ ਖ਼ਾਤਾ ਵਿਅਕਤੀਗਤ ਤੌਰ ’ਤੇ ਖੋਲ੍ਹਿਆ ਜਾ ਸਕਦਾ ਹੈ। ਇਸ ’ਤੇ ਆਮਦਨ ਨਿਯਮ 80-ਸੀ ਤਹਿਤ ਆਮਦਨ ਤੋਂ ਛੋਟ ਮਿਲਦੀ ਹੈ।

ਨਾਗਰਿਕ ਬੱਚਤ ਖ਼ਾਤਾ

ਇਹ ਬੱਚਤ ਯੋਜਨਾ ਖ਼ਾਸਤੌਰ ’ਤੇ 60 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਲਈ ਹੈ। ਇਹ 60 ਸਾਲ ਦੀ ਉਮਰ ਪਾਰ ਕਰ ਚੁੱਕੇ ਲੋਕਾਂ ਲਈ ਨਿਵੇਸ਼ ਦਾ ਸ਼ਾਨਦਾਰ ਸਾਧਨ ਹੈ। ਹਾਲਾਂਕਿ 55 ਸਾਲ ਤੋਂ 60 ਸਾਲ ਦੀ ਉਮਰ ਵਿਚਕਾਰ ਰਿਟਾਇਰ ਹੋਣ ਵਾਲੇ ਜਾਂ ਵੀਆਰਐੱਸ ਲੈਣ ਵਾਲੇ ਵਿਅਕਤੀ ਵੀ ਰਿਟਾਇਰਮੈਂਟ ਦੇ ਤਿੰਨ ਮਹੀਨੇ ਪਹਿਲਾਂ ਇਹ ਖ਼ਾਤਾ ਖੋਲ੍ਹ ਸਕਦੇ ਹਨ। ਇਸ ਹਜ਼ਾਰ ਰੁਪਏ ਤੋਂ ਇਹ ਖ਼ਾਤਾ ਖੋਲ੍ਹਿਆ ਜਾ ਸਕਦਾ ਹੈ। ਇਸ ’ਚ ਜ਼ਿਆਦਾਤਰ ਨਿਵੇਸ਼ ਦੀ ਸੀਮਾ 15 ਲੱਖ ਰੁਪਏ ਹੈ। ਇਸ ਖ਼ਾਤੇ ਦਾ ਮਚਿਓਰਿਟੀ ਪੀਰੀਅਡ ਪੰਜ ਸਾਲ ਦਾ ਹੈ। ਇਸ ਖ਼ਾਤੇ ਨੂੰ ਆਪਣੀ ਪਤਨੀ ਨਾਲ ਜੁਆਇੰਟ ਖ਼ਾਤੇ ਦੇ ਰੂਪ ’ਚ ਵੀ ਖੋਲ੍ਹਿਆ ਜਾ ਸਕਦਾ ਹੈ। ਇਸ ’ਤੇ 8.4 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਡਾਕਘਰ ਦੀਆਂ ਸਕੀਮਾਂ ’ਚ ਨਿਵੇਸ਼ ਕਰਨ ਤੋਂ ਪਹਿਲਾਂ ਜ਼ਰੂਰ ਧਿਆਨ ਰੱਖੋ। •

ਜਾਇਦਾਦ ਦੇ ਕੰਮਾਂ ਲਈ ਲਾਜ਼ਮੀ ਸਕੀਮਾਂ



ਹੁਣ ਬੇਨਾਮੀ ਜਾਇਦਾਦਾਂ ਬਣਾਉਣ ਅਤੇ ਧੋਖੇ ਨਾਲ ਜ਼ਮੀਨਾਂ ’ਤੇ ਕਬਜ਼ਾ ਕਰਨ ਵਾਲਿਆਂ ਦੀ ਸ਼ਾਮਤ ਆਉਣ ਵਾਲੀ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਰਜਿਸਟਰੀਆਂ ਕਰਨ ਲਈ ਇਕ ਨਵਾਂ ਸਾਫਟਵੇਅਰ ਤਿਆਰ ਕਰ ਕੇ ਦਿੱਤਾ ਹੈ। ਜਿਸ ਨਾਲ ਉਨ੍ਹਾਂ ਲੋਕਾਂ ਦੀ ਮੁਸੀਬਤ ਵਧਣ ਜਾ ਰਹੀ ਹੈ, ਜਿਹੜੇ ਬੇਨਾਮੀ ਜਾਇਦਾਦ ਦੀ ਖ਼ਰੀਦੋ-ਫਰੋਖ਼ਤ ਅਤੇ ਧੋਖੇ ਨਾਲ ਜ਼ਮੀਨਾਂ ’ਤੇ ਕਬਜ਼ੇ ਕਰ ਕੇ ਬੈਠੇ ਹਨ। ਇਸ ਨਾਲ ਪੰਜਾਬ ’ਚ ਜਲਦ ਹੀ ਰਜਿਸਟਰੀ ਲਈ ਆਧਾਰ ਕਾਰਡ ਜ਼ਰੂਰੀ ਹੋ ਜਾਵੇਗਾ ਅਤੇ ਇਸ ਦੇ ਬਿਨਾ ਜਾਇਦਾਦ ਤੁਹਾਡੇ ਨਾਂ ’ਤੇ ਨਹੀਂ ਚੜ੍ਹੇਗੀ।

ਹੋਵੇਗੀ ਸ਼ੁਰੂਆਤ

ਇਸ ਦੀ ਸ਼ੁਰੂਆਤ ਆਦਮਪੁਰ ਅਤੇ ਮੋਗਾ ਤੋਂ ਹੋਣ ਜਾ ਰਹੀ ਹੈ। ਆਧਾਰ ਨੰਬਰ ਨਾਲ ਜਾਇਦਾਦਾਂ ਲਿੰਕ ਹੋਣ ’ਤੇ ਹਰ ਵਿਅਕਤੀ ਦੇ ਨਾਂ ’ਤੇ ਕਿੰਨੀ ਜਾਇਦਾਦ ਹੈ, ਉਸ ਦੀ ਜਾਣਕਾਰੀ ਸਰਕਾਰ ਨੂੰ ਮਿਲੇਗੀ। ਆਧਾਰ ਕਾਰਡ ਪੈਨ ਨੰਬਰ ਨਾਲ ਜੋੜਨਾ ਵੀ ਜ਼ਰੂਰੀ ਕੀਤਾ ਗਿਆ ਹੈ, ਅਜਿਹੇ ’ਚ ਸਰਕਾਰ ਨੂੰ ਇਹ ਵੀ ਪਤਾ ਲੱਗੇਗਾ ਕਿ ਕੌਣ ਕਿੰਨਾ ਟੈਕਸ ਲੁਕਾ ਰਿਹਾ ਹੈ ਅਤੇ ਕਿੱਥੇ ਹੇਰਾਫੇਰੀ ਕੀਤੀ ਜਾ ਰਹੀ ਹੈ।

ਰਾਸ਼ਟਰੀ ਸੂਚਨਾ ਕੇਂਦਰ ਦੇ ਇੰਜੀਨੀਅਰ ਸਾਫਟਵੇਅਰ ਨੂੰ ਫਾਈਨਲ ਟੈਸਟਿੰਗ ਲਈ ਚੈੱਕ ਕਰ ਰਹੇ ਹਨ। ਇਸ ਤੋਂ ਬਾਅਦ ਇਹ ਸਾਫਟਵੇਅਰ ਪੰਜਾਬ ਸਰਕਾਰ ਕੋਲ ਫਾਈਨਲ ਮਨਜ਼ੂਰੀ ਲਈ ਭੇਜਿਆ ਜਾਵੇਗਾ। ਸਾਫਟਵੇਅਰ ਸੂਬੇ ਦੀਆਂ ਦੋ ਤਹਿਸੀਲਾਂ ’ਚ ਲਾਂਚ ਹੋਵੇਗਾ। ਇਸ ’ਚ ਜਲੰਧਰ ਦਾ ਆਦਮਪੁਰ ਤਹਿਸੀਲ ਅਤੇ ਮੋਗਾ ਤਹਿਸੀਲ ਸ਼ਾਮਲ ਹਨ। ਤਿੰਨ ਮਹੀਨਿਆਂ ਤਕ ਸਾਫਟਵੇਅਰ ਨੂੰ ਪਾਇਲਟ ਪ੍ਰਾਜੈਕਟ ਦੇ ਤੌਰ ’ਤੇ ਚਲਾਇਆ ਜਾਵੇਗਾ।

ਇਸ ਤੋਂ ਬਾਅਦ ਪੂਰੇ ਸੂਬੇ ਦੀਆਂ ਤਹਿਸੀਲਾਂ ’ਚ ਇਸ ਨੂੰ ਲਾਂਚ ਕਰ ਦਿੱਤਾ ਜਾਵੇਗਾ। ਐੱਨ.ਆਰ. ਆਈਜ਼ ਨੂੰ ਜਾਇਦਾਦ ਰਜਿਸਟਰੇਸ਼ਨ ਲਈ ਆਧਾਰ ਕਾਰਡ ਤੋਂ ਛੋਟ ਦੇਣ ਦੀ ਗੱਲ ਚੱਲ ਰਹੀ ਹੈ ਪਰ ਅਜੇ ਤਕ ਇਸ ’ਤੇ ਕੋਈ ਫ਼ੈਸਲਾ ਨਹੀਂ ਹੋਇਆ।

ਇਸ ਸਾਫਟਵੇਅਰ ਨਾਲ ਆਧਾਰ ਕਾਰਡ ਜ਼ਰੀਏ ਰਜਿਸਟਰੀ ਕਰਵਾਉਣੀ ਆਸਾਨ ਹੋ ਜਾਵੇਗੀ।

ਬੇਨਾਮੀ ਜਾਇਦਾਦ ’ਤੇ ਸਰਕਾਰ ਦਾ ਇਹ ਵੱਡਾ ਹਮਲਾ ਹੋਵੇਗਾ। ਸਰਕਾਰ ਦਾ ਮੰਨਣਾ ਹੈ ਕਿ ਕਾਲੇ ਧੰਨ ਦੀ ਸਭ ਤੋਂ ਵੱਧ ਵਰਤੋਂ ਜ਼ਮੀਨ ਖ਼ਰੀਦੋ-ਫਰੋਖ਼ਤ ’ਚ ਹੁੰਦੀ ਹੈ। ਸਰਕਾਰ ਕਾਲੇ ਧੰਨ ਲਈ ਕੋਈ ਵੀ ਜਗ੍ਹਾ ਨਹੀਂ ਛੱਡਣਾ ਚਾਹੁੰਦੀ। ਇਸ ਲਈ ਕੋਈ ਵੀ ਵਿਅਕਤੀ ਇਕ ਦਿਨ ’ਚ 2 ਲੱਖ ਰੁਪਏ ਜਾਂ ਇਸ ਤੋਂ ਵੱਧ ਦਾ ਲੈਣ-ਦੇਣ ਨਕਦ ਨਹੀਂ ਕਰ ਸਕਦਾ।

ਇਸੇ ਤਰ੍ਹਾਂ ਅਚੱਲ ਜਾਇਦਾਦਾਂ ਦੇ ਟ੍ਰਾਂਸਫਰ ਲਈ ਇਕ ਦਿਨ ’ਚ 20,000 ਰੁਪਏ ਜਾਂ ਇਸ ਤੋਂ ਵੱਧ ਨਕਦ ਲੈਣ-ਦੇਣ ਅਤੇ ਕਾਰੋਬਾਰ ਜਾਂ ਪੇਸ਼ੇਵਰ ਸਬੰਧੀ ਖ਼ਰਚਿਆਂ ਲਈ ਇਕ ਦਿਨ ’ਚ 10,000 ਰੁਪਏ ਤੋਂ ਵੱਧ ਦੇ ਨਕਦ ਭੁਗਤਾਨ ’ਤੇ ਵੀ ਰੋਕ ਲਾਈ ਗਈ ਹੈ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ’ਤੇ 100 ਫ਼ੀਸਦੀ ਜੁਰਮਾਨਾ ਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ 2 ਲੱਖ ਰੁਪਏ ਜਾਂ ਇਸ ਤੋਂ ਵੱਧ ਦੇ ਨਕਦ ਲੈਣ-ਦੇਣ ’ਤੇ ਰੋਕ ਲਗਾਈ ਗਈ ਹੈ। •

ਜਦੋਂ ਵੇਚਣਾ ਪਵੇ ਘਰ

ਜੇ ਤੁਸੀਂ ਸਹੀ ਕੀਮਤ ’ਚ ਆਪਣਾ ਘਰ ਵੇਚਣਾ ਚਾਹੁੰਦੇ ਹੋ ਤਾਂ ਇਹ ਤਰੀਕੇ ਤੁਹਾਨੂੰ ਸਹੀ ਕੀਮਤ ਦਿਵਾਉਣ ’ਚ ਤੁਹਾਡੀ ਮਦਦ ਕਰਨਗੇ...

ਤੁਸੀ ਆਪਣਾ ਘਰ ਵੇਚਣਾ ਚਾਹੁੰਦੇ ਹੋ ਅਤੇ ਆਪਣੇ ਘਰ ਦੀ ਸਹੀ ਕੀਮਤ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇਸ ਲਈ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਪਵੇਗਾ। ਜੇ ਇਹ ਉਪਾਅ ਅਪਨਾਉਂਦੇ ਹੋ ਤਾਂ ਤੁਸੀ ਆਪਣਾ ਘਰ ਮਾਰਕਿਟ ਪ੍ਰਾਈਸ ਦੇ ਹਿਸਾਬ ਨਾਲ ਚੰਗੀਆਂ ਕੀਮਤਾਂ ’ਤੇ ਵੇਚ ਸਕਦੇ ਹੋ।

ਵਿਗਿਆਪਨ

ਘਰ ਵੇਚਣ ਲਈ ਤੁਹਾਨੂੰ ਸਭ ਤੋਂ ਪਹਿਲਾਂ ਉਸ ਦਾ ਵਿਗਿਆਪਨ ਦੇਣਾ ਚਾਹੀਦਾ ਹੈ ਤੇ ਨਾਲ ਹੀ ਤੁਹਾਨੂੰ ਸਥਾਨੀ ਸਤ੍ਹਾ ’ਤੇ ਵਿਗਿਆਪਨ ਦੇਣਾ ਚਾਹੀਦਾ ਹੈ ਕਿਉਂਕਿ ਜਿਸ ਇਲਾਕੇ ’ਚ ਤੁਹਾਡੇ ਘਰ ਹੈ,

ਜੋਸ਼ ਟੀਮ ਨਾਲ ਟੀ .ਬੀ ਮੁਕਤ ਭਾਰਤ ਅਭਿਆਨ ਨੂੰ ਮਿਲੇਗਾ ਨਵਾਂ ਜੋਸ਼ : ਡਿਪਟੀ ਕਮਿਸ਼ਨਰ

ਫਾਜ਼ਿਲਕਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਟੀਬੀ ਵਿਰੁੱਧ ਮੁਹਿੰਮ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਹੋਰ ਮਜ਼ਬੂਤੀ ਦੇਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਦੇ ਸਹਿਯੋਗ ਨਾਲ 8 ਅਕਤੂਬਰ 2026 ਨੂੰ ਰਾਸ਼ਟਰੀ ਪੱਧਰ ਤੋਂ ਜੋਸ਼ -ਜੁਆਇੰਟ ਸਕੁਐਡ ਫਾਰ ਹੈਲਥ) ਟੀਮਾਂ ਦੇ ਗਠਨ ਕਰਨ ਦੀ ਸ਼ੁਰੂਆਤ ਕੀਤੀ ਗਈ। ਇਸ ਲੜੀ ਤਹਿਤ ਜਿਲਾ ਫਾਜ਼ਿਲਕਾ ਵਿਖੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਪ੍ਰਧਾਨਗੀ, ਸਿਵਲ ਸਰਜਨ ਡਾ. ਕਵਿਤਾ ਸਿੰਘ ਅਤੇ ਜਿਲਾ ਟੀ.ਬੀ ਅਫਸਰ ਡਾ ਨੀਲੂ ਚੁੱਘ ਦੀ ਮੌਜੂਦਗੀ ਵਿਚ ਇਸ ਪ੍ਰੋਗਰਾਮ ਦੀ ਲਾਈਵ ਕਵਰੇਜ ਦੇ ਮੌਕੇ ਤੇ ਟੀ.ਬੀ ਵੋਲੰਟੀਅਰਸ ਨੂੰ ਸਨਮਾਨਿਤ ਕੀਤਾ ਗਿਆ। ਜੋਸ਼ ਮੁਹਿੰਮ ਬਾਰੇ ਦਸਦੇ ਹੋਏ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਦਸਿਆ ਕਿ ਪਹਿਲੇ ਪੜਾਅ ਵਿੱਚ ਨੌਜਵਾਨਾਂ ਦੀ ਅਗਵਾਈ ਵਿੱਚ ਭਾਈਚਾਰਕ ਲਾਮਬੰਦੀ ਨੂੰ ਮਜ਼ਬੂਤ ਕਰਨ ਅਤੇ ਟੀਬੀ ਮੁਕਤ ਭਾਰਤ ਦਾ ਸੰਦੇਸ਼ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ 11 ਰਾਜਾਂ ਅਤੇ 55 ਜ਼ਿਲ੍ਹਿਆਂ ਵਿੱਚ 'ਜੋਸ਼' ਟੀਮਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪ੍ਰੋਗਰਾਮ ਵਿੱਚ ਸਬੰਧਿਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਅਤੇ ਹਿਤਧਾਰਕਾਂ ਦੇ ਨਾਲ-ਨਾਲ ਚੁਣੇ ਹੋਏ ਨੁਮਾਇੰਦੇ, ਕਲਾਸ-। ਦੇ ਅਧਿਕਾਰੀ, ਮਾਈ ਭਾਰਤ ਵਲੰਟੀਅਰ, ਐੱਨਸੀਸੀ ਕੈਡੇਟਸ ਅਤੇ ਭਾਰਤ ਦੇ ਟੀਬੀ ਨੂੰ ਖਤਮ ਕਰਨ ਦੇ ਯਤਨਾਂ ਨਾਲ ਜੁੜੇ ਹੋਰ ਹਿਤਧਾਰਕ ਇਕੱਠੇ ਸ਼ਾਮਲ ਹੋਣਗੇ। ਮਾਈ ਭਾਰਤ ਐਪ ਵਿਚ ਸ਼ਾਮਲ ਕੀਤੇ ਗਏ ਨਵੇਂ ਫ਼ੀਚਰ ਮੁਤਾਬਕ ਕਲਾਸ-। ਦੇ ਅਧਿਕਾਰੀ ਆਪਣੇ ਅਧੀਨ ਜੋਸ਼ ਟੀਮ ਰਜਿਸਟਰ ਕਰਨਗੇ, ਇਸ ਉਪਰੰਤ ਜੋਸ਼ ਟੀਮ ਵਲੋਂ ਜੋ ਵੀ ਗਤੀਵਿਧੀਆਂ ਕੀਤੀਆਂ ਜਾਣਗੀਆਂ ਉਹ ਇਸ ਪੋਰਟਲ ਤੇ ਅਪਲੋਡ ਕੀਤੀਆਂ ਜਾਣਗੀਆਂ।

ਡਾ ਕਵਿਤਾ ਸਿੰਘ ਨੇ ਦਸਿਆ ਕਿ ਜਿਲਾ ਫਾਜ਼ਿਲਕਾ ਨੂੰ ਟੀ.ਬੀ ਮੁਕਤ ਬਣਾਉਣ ਲਈ ਵਿਭਾਗ ਵਲੋਂ ਵਿਸ਼ੇਸ਼ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਤਹਿਤ ਸਕਰੀਨਿੰਗ ਵਿਚ ਵਾਧਾ ਕੀਤਾ ਗਿਆ ਹੈ ਅਤੇ ਏ-ਆਈ ਤਕਨੀਕ ਦੀਆਂ 4 ਐਕਸ ਰੇ ਮਸ਼ੀਨਾਂ ਰਾਹੀਂ ਜਿਲੇ ਵਿਖੇ ਕੈਪ ਲਗਾਏ ਜਾ ਰਹੇ ਹਨ ਤਾਂ ਜੋ ਟੀ.ਬੀ ਦੇ ਸ਼ੱਕੀ ਮਰੀਜਾਂ ਦੀ ਸਮੇਂ ਸਿਰ ਪਛਾਣ ਹੋ ਸਕੇ ਅਤੇ ਟੀ.ਬੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਉਹਨਾਂ ਦਸਿਆ ਕਿ ਕਮਿਊਨਿਟੀ ਆਊਟਰੀਚ ਅਤੇ ਸ਼ਮੂਲੀਅਤ ਰਾਹੀਂ 'ਜੋਸ਼' ਟੀਮਾਂ ਟੀਬੀ ਦੇ ਲੱਛਣਾਂ, ਰੋਕਥਾਮ, ਸਮੇਂ ਸਿਰ ਜਾਂਚ ਅਤੇ ਇਲਾਜ ਪੂਰਾ ਕਰਨ ਨਾਲ ਸਬੰਧਿਤ ਮਹੱਤਵਪੂਰਨ ਸੰਦੇਸ਼ਾਂ ਦੇ ਪ੍ਰਸਾਰ ਵਿੱਚ ਸਹਿਯੋਗ ਕਰੇਗੀ। ਉਹ ਟੀਬੀ ਨਾਲ ਜੁੜੇ ਮਿੱਥਾਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ, ਕਲੰਕ ਨੂੰ ਘਟਾਉਣ ਅਤੇ ਵਿਅਕਤੀਆਂ, ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਰਾਸ਼ਟਰੀ ਟੀਬੀ ਦੇ ਖਾਤਮਾ ਅਭਿਆਨ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਦੇ ਯਤਨਾਂ ਵਿੱਚ ਵੀ ਯੋਗਦਾਨ ਦੇਣਗੀਆਂ।ਡਾ ਨੀਲੂ ਚੁੱਘ ਨੇ ਦਸਿਆ ਕਿ ਇਸ ਪਹਿਲਕਦਮੀਆਂ ਦਾ ਉਦੇਸ਼ ਨੌਜਵਾਨਾਂ ਨੂੰ ਟੀਬੀ ਵਿਰੁੱਧ ਯਤਨਾਂ ਵਿੱਚ ਸਰਗਰਮ ਭਾਗੀਦਾਰ ਬਣਾਉਣਾ ਹੈ ਅਤੇ ਉਨ੍ਹਾਂ ਨੂੰ ਜਾਗਰੂਕਤਾ ਵਧਾਉਣ, ਸਮਾਜਿਕ ਲਾਮਬੰਦੀ ਅਤੇ ਭਾਈਚਾਰਕ ਸ਼ਮੂਲੀਅਤ ਵਿੱਚ ਯੋਗਦਾਨ ਦੇਣ ਲਈ ਇੱਕ ਨਿਰਧਾਰਿਤ ਪਲੈਟਫਾਰਮ ਪ੍ਰਦਾਨ ਕਰਨਾ ਹੈ। ਕਲਾਸ-9 ਦੇ ਅਧਿਕਾਰੀਆਂ, ਮਾਈ ਭਾਰਤ ਵਲੰਟੀਅਰਾਂ ਅਤੇ ਐੱਨਸੀਸੀ ਕੈਡੇਟਾਂ ਦਾ ਤਾਲਮੇਲ ਜ਼ਮੀਨੀ ਪੱਧਰ 'ਤੇ ਸਰਕਾਰੀ ਪ੍ਰੋਗਰਾਮਾਂ ਅਤੇ ਭਾਈਚਾਰਿਆਂ ਦਰਮਿਆਨ ਜੁੜਾਅ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰੇਗਾ ਅਤੇ ਟੀ.ਬੀ ਮੁਕਤ ਰਾਜ ਬਣਾਉਣ ਵਿਚ ਸਹਿਯੋਗ ਮਿਲੇਗਾ।

ਇਸ ਮੌਕੇ ਤੇ ਜਿਲਾ ਫਾਜ਼ਿਲਕਾ ਦੀਆਂ ਸੰਸਥਾਵਾਂ ਸ਼੍ਰੀ ਅਰੋੜਬੰਸ ਸੇਵਾ ਦਲ ਸੋਸਾਇਟੀ ਫਾਜ਼ਿਲਕਾ, ਜਨ ਸੇਵਾ ਸੋਸਾਇਟੀ ਫਾਜ਼ਿਲਕਾ, ਸੁਨੀਲ ਵਾਧਵਾ ਅਬੋਹਰ, ਜਿਲੇ ਦੀਆਂ 10 ਟੀ.ਬੀ ਮੁਕਤ ਪੰਚਾਇਤਾਂ, ਬਿਮਪਾਲ ਸਿੰਘ ਟੀ.ਬੀ ਚੈਪੀਅਨ, ਟੀ.ਬੀ ਪ੍ਰੋਗਰਾਮ ਦੇ ਬਲਾਕ ਨੋਡਲ ਅਫਸਰਾਂ, ਸਿਹਤ ਸਟਾਫ ਅਤੇ ਮਾਸ ਮੀਡਿਆ ਵਿੰਗ ਨੂੰ ਯਾਦਗਾਰੀ ਚਿਨ੍ਹ ਅਤੇ ਸਰਟੀਫਿਕੇਟ ਦੇ ਕੇ ਸਮਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਡਾ ਦਿਵਾਕਰ, ਡਾ ਮੋਨਿਕਾ, ਡਾ ਵਿਕਰਮ, ਮਾਸ ਮੀਡਿਆ ਵਿੰਗ ਤੋਂ ਵਿਨੋਦ ਖੁਰਾਨਾ, ਮਨਬੀਰ ਸਿੰਘ, ਦਿਵੇਸ਼ ਕੁਮਾਰ, ਅਮਨ ਕੰਬੋਜ, ਐਸ.ਟੀ.ਐਲ.ਐਸ ਰਾਜ ਸਿੰਘ, ਸਮੂਹ ਬਲਾਕ ਐਸ.ਟੀ.ਐਸ, ਸਮੂਹ ਐਮ.ਐਲ.ਟੀ, ਸਮੂਹ ਟੀ.ਬੀ. ਹੈਲਥ ਵਿਜਟਰ, ਮਲਟੀ ਪਰਪਜ਼ ਹੈਲਥ ਵਰਕਰ ਵਿੱਕੀ ਰਾਠੌੜ ਤੇ ਗੁਰਜੀਤ ਸਿੰਘ, ਕਾਜਲ ਅਤੇ ਹੋਰ ਸਟਾਫ ਮੌਜੂਦ ਸੀ।

ਵਧੀਕ ਡਿਪਟੀ ਕਮਿਸ਼ਨਰ ਵਿਕਾਸ ਗੁਰਪ੍ਰੀਤ ਸਿੰਘ ਗਿੱਲ ਵੱਲੋਂ ਟੀ.ਬੀ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹੇ ਦੀ 11 ਪੰਚਾਇਤਾਂ ਸਨਮਾਨਿਤ

ਗੁਰਦਾਸਪੁਰ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਸਿਹਤ ਮੰਤਰੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਟੀ.ਬੀ ਮੁਕਤ ਭਾਰਤ ਅਭਿਆਨ ਦੇ ਤਹਿਤ ਟੀ. ਬੀ ਮੁਕਤ ਪੰਚਾਇਤ ਜ਼ਿਲ੍ਹੇ ਦੀ 11 ਪੰਚਾਇਤਾਂ ਨੂੰ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਗੁਰਦਾਸਪੁਰ ਗੁਰਪ੍ਰੀਤ ਸਿੰਘ ਗਿੱਲ ਵੱਲੋਂ ਅੱਜ ਸਨਮਾਨਤ ਕੀਤਾ ਗਿਆ।

ਇਸ ਮੌਕੇ ਏ.ਡੀ.ਸੀ ਗੁਰਪ੍ਰੀਤ ਸਿੰਘ ਗਿੱਲ ਨੇ ਸਮੂਹ ਪੰਚਾਇਤਾਂ ਨੂੰ ਟੀ.ਬੀ ਮੁਕਤ ਭਾਰਤ ਅਭਿਆਨ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਉਨਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਜੋਸ਼ ਕੰਪੇਨ ਦਾ ਆਗਾਜ਼ ਕੀਤਾ ਗਿਆ ਹੈ। ਇਸ ਤਹਿਤ ਬਲਾਕ ਪੱਧਰ ਤੇ ਟੀ. ਬੀ ਮਰੀਜ਼ਾਂ ਦੀ ਟੈਸਟਿੰਗ, ਬਿਮਾਰੀ ਪ੍ਰਤੀ ਜਾਗਰੂਕਤਾ ਅਤੇ ਬਿਮਾਰੀ ਦੇ ਇਲਾਜ ਦੀ ਵਿਵਸਥਾ ਕੀਤੀ ਗਈ ਹੈ।ਉਨਾਂ ਕਿਹਾ ਕਿ ਤਪਦਿਕ ਦਾ ਇਲਾਜ਼ ਸੰਭਵ ਹੈ। ਤਪਦਿਕ ਦੇ ਲਛੱਣ ਜਿਵੇ ਕਿ ਦੋ ਹਫ਼ਤੇ ਤੋਂ ਪੁਰਾਣੀ ਖੰਘ, ਭਾਰ ਘਟਣਾ, ਤਰੇਲੀਆਂ ਅਤੇ ਬੁਖਾਰ ਹੋਵੇ ਤਾਂ ਤੁਰੰਤ ਤਪਦਿਕ ਦੀ ਜਾਂਚ ਕਰਵਾਈ ਜਾਵੇ। ਤਪਦਿਕ ਦਾ ਟੈਸਟ ਅਤੇ ਇਸਦਾ ਇਲਾਜ ਸਰਕਾਰ ਵੱਲੋਂ ਮੁਫ਼ਤ ਹੈ। ਸਮੂਹ ਸਰਕਾਰੀ ਹਸਪਤਾਲਾਂ ਵਿੱਚ ਤਪਦਿਕ ਦੀ ਦਵਾਈ ਮੁਫ਼ਤ ਦਿੱਤੀ ਜਾਂਦੀ ਹੈ। ਰੋਗੀ ਲਈ ਜਰੂਰੀ ਹੈ ਕਿ ਦਵਾਈ ਦਾ ਕੋਰਸ ਪੂਰਾ ਕੀਤਾ ਜਾਵੇ।

ਇਸ ਮੌਕੇ ਜ਼ਿਲਾ ਸਿਹਤ ਅਫ਼ਸਰ ਡਾਕਟਰ ਰਮੇਸ਼ ਕੁਮਾਰ ਨੇ ਕਿਹਾ ਕਿ ਹਰ ਸਾਲ ਪੇਂਡੂ ਵਿਕਾਸ ਯੋਜਨਾ ਤਹਿਤ ਪਿੰਡ ਆਪਣੇ ਖੇਤਰ ਵਿੱਚ ਕਰਵਾਏ ਜਾਣ ਵਾਲੇ ਕੰਮ ਦਾ ਬਿਓਰਾ ਬਣਾਉਂਦੇ ਹਨ। ਇਸ ਪਲਾਨ ਵਿੱਚ ਟੀ. ਬੀ ਦੇ ਖਾਤਮੇ ਲਈ ਕੀਤੇ ਜਾਣ ਵਾਲੇ ਕਾਰਜ਼ਾਂ ਦਾ ਵੀ ਬਿਓਰਾ ਬਣਾਇਆ ਜਾਵੇ। ਟੀ. ਬੀ ਮਰੀਜ਼ਾਂ ਦੀ ਟੈਸਟਿੰਗ, ਇਲਾਜ਼ ਲਈ ਸਿਹਤ ਵਿਭਾਗ ਨਾਲ ਤਾਲਮੇਲ ਕਾਇਮ ਕੀਤਾ ਜਾਵੇ। ਟੀ. ਬੀ ਮਰੀਜ਼ਾਂ ਦੇ ਪੋਸ਼ਣ ਲਈ ਸਮਾਜ ਸੇਵੀ ਸੰਸਥਾਵਾਂ ਅਤੇ ਵਪਾਰਕ ਅਦਾਰਿਆਂ ਦੀ ਮਦਦ ਲਈ ਜਾਵੇ।

ਜ਼ਿਲ੍ਹਾ ਤਪਦਿਕ ਅਫ਼ਸਰ ਡਾਕਟਰ ਸੁਚੇਤਨ ਅਬਰੋਲ ਸ਼ੁਗਰ, ਐਚ ਆਈ ਵੀ ਪੀੜਿਤ ਵਿਅਕਤੀ , ਡਾਇਲਿਸਿਸ ਦੇ ਮਰੀਜ਼, ਇਮਊਨ ਡਿਸੀਜ਼ ਮਰੀਜ਼ਾਂ ਨੂੰ ਤਪਦਿਕ ਹੋਣ ਦਾ ਖਤਰਾ ਜਿਆਦਾ ਹੁੰਦਾ ਹੈ। ਜ਼ਿਲ੍ਹੇ ਵਿੱਚ ਇਸ ਸਮੇਂ 8 ਟਰੁਨੈਟ ਟੈਸਟਿੰਗ ਸੈਂਟਰ ਹਨ। ਇਨਾ ਦੀ ਸੰਖਿਆ ਵਧਾਈ ਜਾ ਰਹੀ ਹੈ

ਉਨਾਂ ਕਿਹਾ ਕਿ ਤਪਦਿਕ ਦੀ ਬਿਮਾਰੀ ਤੋਂ ਜਾਗਰੂਕ ਰਹਿਣ ਦੀ ਲੋੜ ਹੈ ਕਿਉਂਕਿ ਇਹ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦੀ ਹਨ।

ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ਾਂਤਮਈ ਰੋਸ ਮਾਰਚ

ਰਤੀਆ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੇਲ੍ਹਾਂ ਵਿੱਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਰਤੀਆ ਵਿੱਚ ਸਿੱਖ ਸੰਗਤ ਵੱਲੋਂ ਵਿਸ਼ਾਲ ਅਤੇ ਸ਼ਾਂਤਮਈ ਪੈਦਲ ਰੋਸ ਮਾਰਚ ਕੱਢਿਆ ਗਿਆ। ਇਸ ਰੋਸ ਮਾਰਚ ਵਿੱਚ ਰਤੀਆ ਸ਼ਹਿਰ ਤੋਂ ਇਲਾਵਾ ਨੇੜਲੇ ਪਿੰਡਾਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਸੰਗਤ ਨੇ ਸ਼ਾਂਤਮਈ ਢੰਗ ਨਾਲ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਇਆ।ਰੋਸ ਮਾਰਚ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਪੁਰਾਣਾ ਬਾਜ਼ਾਰ ਤੋਂ ਹੋਈ। ਵੱਡੀ ਗਿਣਤੀ ਵਿੱਚ ਇਕੱਠੀ ਹੋਈ ਸਿੱਖ ਸੰਗਤ ਗੁਰਦੁਆਰਾ ਸਾਹਿਬ ਤੋਂ ਪੈਦਲ ਤਹਿਸੀਲ ਕੰਪਲੈਕਸ ਵੱਲ ਰਵਾਨਾ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਟਰੱਸਟ ਦੇ ਸਕੱਤਰ ਗੁਰਚਰਨ ਸਿੰਘ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਲੰਮੇ ਸਮੇਂ ਤੋਂ ਸਿੱਖ ਸੰਗਤ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਸੰਗਤ ਵਿੱਚ ਰੋਸ ਹੈ ਅਤੇ ਇਸੇ ਰੋਸ ਨੂੰ ਸ਼ਾਂਤਮਈ ਢੰਗ ਨਾਲ ਸਰਕਾਰ ਤੱਕ ਪਹੁੰਚਾਉਣ ਲਈ ਇਹ ਮਾਰਚ ਕੱਢਿਆ ਗਿਆ ਹੈ। ਰੋਸ ਮਾਰਚ ਦੇ ਤਹਿਸੀਲ ਕੰਪਲੈਕਸ ਪੁੱਜਣ ਮਗਰੋਂ ਪ੍ਰਬੰਧਕਾਂ ਨੇ ਐਲਾਨ ਕੀਤਾ ਕਿ ਸਿੱਖ ਸੰਗਤ ਦੀਆਂ ਮੰਗਾਂ ਸਬੰਧੀ ਐੱਸ ਡੀ ਐੱਮ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਸੌਂਪਿਆ ਜਾਵੇਗਾ। ਮੰਗ ਪੱਤਰ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਪ੍ਰਮੁੱਖਤਾ ਨਾਲ ਉਠਾਇਆ ਗਿਆ। ਰੋਸ ਮਾਰਚ ਦੌਰਾਨ ਮੰਚ ਸੰਚਾਲਨ ਇੰਦਰਪਾਲ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਕਮੇਟੀ ਮੈਂਬਰ ਕਾਕਾ ਸਿੰਘ ਲਧੂਵਾਸ, ਇਕਬਾਲ ਸਿੰਘ ਖੋਖਰ, ਕਰਮਜੀਤ ਸਿੰਘ ਬਿਗੜ, ਗੁਰਮੇਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਟਰੱਸਟ ਦੇ ਪ੍ਰਧਾਨ ਜਰਨੈਲ ਸਿੰਘ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਟਰੱਸਟ ਦੇ ਪ੍ਰਧਾਨ ਫਤਿਹ ਸਿੰਘ ਭੁੱਲਰ, ਗੁਰੂ ਰਾਮਦਾਸ ਸੇਵਾ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ, ਰਤੀਆ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਹੇਸ਼ ਤਨੇਜਾ ਨੇ ਵੀ ਰੋਸ ਮਾਰਚ ਨੂੰ ਹਮਾਇਤ ਦਿੱਤੀ।

ਸਰਕਾਰ ਨੇ ਝੋਨੇ ਦੀ ਖਰੀਦ ਸਮੇਂ ਤੋਂ ਪਹਿਲਾਂ ਸ਼ੁਰੂ ਕੀਤੀ

ਸ਼ਾਹਬਾਦ ਮਾਰਕੰਡਾ, 14 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸਾਲ ਝੋਨੇ ਦੀ ਖਰੀਦ ਸਮੇਂ ਤੋਂ ਪਹਿਲਾਂ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਵਿਭਾਗ ਨੇ ਇਕ ਅਕਤੂਬਰ ਦੀ ਥਾਂ 29 ਸਤੰਬਰ ਨੂੰ ਹੀ ਝੋਨੇ ਦੀ ਖਰੀਦ ਸ਼ੁਰੂ ਕਰ ਦਿੱਤੀ ਸੀ ਅਤੇ ਇਹ 15 ਨਵੰਬਰ ਤੱਕ ਜਾਰੀ ਰਹੇਗੀ।ਖੇਤੀਬਾੜੀ ਮੰਤਰੀ ਨੇ ਬਾਬੈਨ ਮੰਡੀ ਵਿਚ ਕਿਸਾਨਾਂ ਤੇ ਵਪਾਰੀਆਂ ਦੀਆਂ ਮੁਸ਼ਕਲਾਂ ਸੁਣਨ ਲਈ ਅਨਾਜ ਮੰਡੀ ਦਾ ਦੌਰਾ ਕੀਤਾ ਅਤੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਸਾਨਾਂ, ਆੜ੍ਹਤੀਆਂ, ਸ਼ੈਲਰ ਮਾਲਕਾਂ ਨਾਲ ਗੱਲਬਾਤ ਕਰਕੇ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਮੰਡੀ ਵਿਚ ਖਰੀਦੇ ਝੋਨੇ ਦੀ ਲਿਫਟਿੰਗ ਸ਼ੁਰੂ ਹੋ ਗਈ ਹੈ ਤੇ ਇਸ ਵਿਚ ਹੋਰ ਤੇਜ਼ੀ ਲਿਆਂਦੀ ਜਾਏਗੀ। ਉਨ੍ਹਾਂ ਆਪਣੇ ਸਾਹਮਣੇ ਝੋਨੇ ਦੀ ਨਮੀ ਦੀ ਜਾਂਚ ਵੀ ਕਰਵਾਈ।

ਉਨ੍ਹਾਂ ਕਿਹਾ ਕਿ ਆਮ ਝੋਨਾ 2441 ਰੁਪਏ ਅਤੇ 'ਏ' ਗਰੇਡ ਝੋਨਾ 2461 ਰੁਪਏ ਪ੍ਰਤੀ ਕੁਇੰਟਲ ਖਰੀਦਿਆ ਜਾ ਰਿਹਾ ਹੈ। ਸੂਬੇ ਵਿਚ ਝੋਨੇ ਦੀ ਖਰੀਦ 249 ਮੰਡੀਆਂ ਤੇ ਖਰੀਦ ਕੇਂਦਰਾਂ ਰਾਹੀਂ ਕੀਤੀ ਜਾ ਰਹੀ ਹੈ। ਖੇਤੀ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀ ਫਸਲ ਵੇਚਣ 'ਚ ਕੋਈ ਮੁਸ਼ਕਿਲ ਪੇਸ਼ ਨਾਲ ਆਵੇ, ਇਸ ਲਈ ਖਰੀਦ ਕੇਂਦਰਾਂ 'ਤੇ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਮੁੱਖ ਮੰਤਰੀ ਦਫਤਰ ਦੇ ਇੰਚਾਰਜ ਕੈਲਾਸ਼ ਸੈਣੀ, ਚੇਅਰਮੈਨ ਡਾ. ਗਣੇਸ਼ ਦੱਤ, ਜਸਵਿੰਦਰ ਸੈਣੀ, ਐੱਸ ਡੀ ਐੱਮ ਰਾਜੇਸ਼ ਸੋਨੀ, ਮੰਡੀ ਐਸੋਸੀਏਸ਼ਨ ਦੇ ਚੇਅਰਮੈਨ ਲਾਭ ਸਿੰਘ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਪੁਰਸ਼ੋਤਮ ਲਾਲ, ਮਾਰਕੀਟ ਕਮੇਟੀ ਦੇ ਸਕੱਤਰ ਗੁਰਮੀਤ ਸਿੰਘ ਸੈਣੀ ਹਾਜ਼ਰ ਸਨ।

ਮਾਈਨਿੰਗ ਸਬੰਧੀ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਨਾਲ